# ਅੰਮ੍ਰਿਤੁ ਕੀਰਤਨ

ਮਈ **2012**



## ਮਾਹੁ ਜੇਠੁ ਭਲਾ

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥

ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ ॥

ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥

ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥

ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥

ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥੭॥

(ਬਾਰਾਮਾਹ-ਤੁਖਾਰੀ)



**ਆਨਰੇਰੀ ਸੰਪਾਦਕ**
**ਡਾ. ਜਾਗੀਰ ਸਿੰਘ**

ਮੁੱਲ 15/-



## ਹਰਿ ਰੂਪ ਮਾਨਸ

ਭਾਉ ਭਗਤਿ ਅਰ ਭੈ ਬਿਨਾ
ਨ ਮਿਲਿਬੋ ਕਰਤਾਰ।

ਪਰ ਤੀਨੋਂ ਕਾ ਬਾਸ ਹੈ,
ਵਿਚ ਗ਼ਰੀਬੀ ਸਾਰ।

ਇਨ ਚਾਰੋਂ ਪਰ ਚਲਤ ਜੋ
ਪਰਖ ਲਏ ਦਾਤਾਰ।

ਹਰ ਕਾ ਰੂਪ ਜਾਂ ਹੋਇ ਰਹੇ,
ਖੁਸ਼ੀ ਹੋਤ ਸੰਸਾਰ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ

**ਸ: ਹਰਚੰਦਨ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਕੀਰਤਨ-ਸੰਗੀਤ-ਸਰੋਤਾ 5

ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ
ਸੁਖਦੇਵ ਸਿੰਘ ਨਡਾਲੋਂ 6

ਸੁਰ ਵਿਚ ਹੋਣਾ...
ਸਿੰਘ ਸੰਧੂ ਸੁਰਿੰਦਰ ਸਿੰਘ 10

ਰਬਾਬ ਮੰਗਾਉਣ ਦਾ ਵਿਰਤਾਂਤ
ਗਿ: ਦਿੱਤ ਸਿੰਘ 13

ਮਾਂ ਦੀ ਜ਼ਿੰਮੇਵਾਰੀ
ਅੱਛਰ ਸਿੰਘ, ਮੁੰਬਈ 15

Music in Sikhs
Charles M Townsend 19

Causes of Disharmony
Sumeet Kaur Nagpal 22

ਸੁਰ ਲਿਪੀ- ਰਾਗ ਮਿਸ਼੍ਰਤ ਕਲਾਵਤੀ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26


**Please forward your e-mail id at drjagirsingh@gmail.com**

# ਪ੍ਰੈਸ ਨੋਟ

ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਵਲੋਂ ਲਗਾਈ ਗਈ ਚਾਰ-ਰੋਜ਼ਾ ਗੁਰਮਤਿ ਸੰਗੀਤ - ਸਾਹਿਤ ਵਰਕਸ਼ਾਪ ਦਾ ਸਮਾਪਨ ਸਮਾਰੋਹ ਗੁਰਮਤਿ ਸੰਗੀਤ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੀਤਾ ਗਿਆ ਜਿਸ ਵਿਚ ਡਾ. ਏ.ਐਸ.ਚਾਵਲਾ, ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ 'ਤੇ ਆਪਣੇ ਪ੍ਰਧਾਨਗੀ ਸ਼ਬਦ ਸਾਂਝੇ ਕਰਦਿਆਂ ਡਾ. ਚਾਵਲਾ ਨੇ ਵਿਭਾਗ ਨੂੰ ਇਸ ਸ਼ਾਨਦਾਰ ਵਰਕਸ਼ਾਪ ਆਯੋਜਿਤ ਕਰਨ ਤੇ ਵਧਾਈ ਦਿੰਦਿਆਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਹੀ ਅਸਲ ਵਿਚ ਖੋਜ ਅਤੇ ਅਧਿਆਪਨ ਦੇ ਕੰਮ ਨੂੰ ਵਧੇਰੇ ਚੰਗੇਰੇ ਤਰੀਕੇ ਨਾਲ ਕਰਨ ਵਿਚ ਸਹਾਈ ਹੁੰਦੀਆਂ ਹਨ।

ਇਸ ਤੋਂ ਪਹਿਲਾਂ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਨੇ ਵਿਭਾਗ ਵਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿਤੀ।

ਇਸ ਮੌਕੇ ਬੋਲਦਿਆਂ ਭਾਈ ਰਣਧੀਰ ਸਿੰਘ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਦੇ ਡਾਇਰੈਕਟਰ ਡਾ. ਅੰਮ੍ਰਿਤਪਾਲ ਕੌਰ ਨੇ ਦੱਸਿਆ ਕਿ ਇਸ ਵਰਕਸ਼ਾਪ ਵਿਚ ਪੰਜਾਬ ਭਰ ਦੇ ਵੱਖ-ਵੱਖ ਕਾਲਜਾਂ ਦੇ ਅਧਿਆਪਕਾਂ, ਪੰਜਾਬੀ ਯੂਨੀਵਰਸਿਟੀ ਦੇ ਰਿਸਰਚ ਸਕਾਲਰਾਂ ਸਮੇਤ 32 ਦੇ ਕਰੀਬ ਡੈਲੀਗੇਟਸ ਨੇ ਅਣਥੱਕ ਮਿਹਨਤ ਨਾਲ ਇਸ ਵਰਕਸ਼ਾਪ ਵਿਚ ਭਾਗ ਲਿਆ। ਇਸ ਮੌਕੇ ਬੋਲਦਿਆਂ ਡੀਨ ਰਿਸਰਚ ਡਾ. ਐਮ.ਆਈ.ਐਸ. ਸੱਗੂ ਨੇ ਵਿਭਾਗ ਨੂੰ ਭਰੋਸਾ ਦਿਵਾਇਆ ਕਿ ਅਜਿਹੇ ਪ੍ਰੋਗਰਾਮਾਂ ਲਈ ਯੂਨੀਵਰਸਿਟੀ ਦਾ ਸਹਿਯੋਗ ਹਮੇਸ਼ਾ ਰਹੇਗਾ। ਇਸ ਮੌਕੇ ਤੇ ਕਈ ਡੈਲੀਗੇਟਸ ਨੇ ਵੀ ਵਰਕਸ਼ਾਪ ਦੌਰਾਨ ਆਪਣੇ ਤਜਰਬੇ ਸਾਂਝੇ ਕੀਤੇ। ਇਸ ਤੋਂ ਪਹਿਲਾਂ ਰਜਿਸਟਰਾਰ ਡਾ. ਚਾਵਲਾ ਨੇ ਲਾਇਬਰੇਰੀ ਕੈਟਾਲੌਗ ਰਿਲੀਜ਼ ਕੀਤਾ। ਇਸ ਮੌਕੇ ਡੀਨ, ਰਿਸਰਚ ਡਾ. ਐਮ.ਆਈ.ਚੜਦੀਕਲਾ ਗਰੁੱਪ ਦੇ ਮੁੱਖ ਸੰਪਾਦਕ ਸ੍ਰੀ ਜਗਜੀਤ ਸਿੰਘ ਦਰਦੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਪ੍ਰੋ. ਬਲਦੇਵ ਸਿੰਘ ਸੰਧੂ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਡੈਲੀਗੇਟਸ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਪ੍ਰੋ. ਹਰਜਿੰਦਰ ਸਿੰਘ ਵਾਲੀਆ, ਪ੍ਰੋ. ਰਣ ਸਿੰਘ, ਡਾ. ਰਿਤੂ ਲਹਿਲ, ਸ. ਅਮਨਦੀਪ ਸਿੰਘ, ਡਾ. ਹਰਜੋਧ ਸਿੰਘ, ਸ. ਜਤਿੰਦਰ ਸਿੰਘ - ਰਿਸਰਚ ਸਕਾਲਰ ਤੋਂ ਇਲਾਵਾ ਵਡੀ ਗਿਣਤੀ ਵਿਚ ਕੈਂਪਸ ਦੇ ਵਿਦਿਆਰਥੀ ਅਤੇ ਫੈਕਲਟੀ ਮੈਂਬਰ ਹਾਜਰ ਸਨ।

(ਡਾ. ਗੁਰਨਾਮ ਸਿੰਘ)
ਪ੍ਰੋਫੈਸਰ ਤੇ ਮੁਖੀ
ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਕਰਉ ਬੇਨੰਤੀਆ

# ਕੀਰਤਨ-ਸੰਗੀਤ-ਸਰੋਤਾ

ਅਸੀਂ ਕੀਰਤਨ ਦੀ ਮਹਿਮਾ ਨਿੱਤ ਕਰਦੇ ਅਤੇ ਸੁਣਦੇ ਹਾਂ। ਰੋਜ਼ਾਨਾ ਕੀਰਤਨ ਦਰਬਾਰਾਂ ਦੇ ਪ੍ਰਵਾਹ ਚੱਲ ਰਹੇ ਹਨ। ਗੁਰਬਾਣੀ ਦਾ ਗਾਇਨ ਤਾਂ ਹੋ ਰਿਹਾ ਹੈ ਪਰ ਸਰੋਤਿਆਂ ਉੱਪਰ ਗੁਰਬਾਣੀ ਦੇ ਪ੍ਰਭਾਵ ਨਾਲੋਂ ਵਧੇਰੇ ਸੰਗੀਤ ਦਾ ਪ੍ਰਭਾਵ ਪੈ ਰਿਹਾ ਹੈ। ਕਈ ਕੀਰਤਨੀਏ ਗੈਰ ਮਿਆਰੀ ਸੰਗੀਤ ਨੂੰ ਗੁਰਬਾਣੀ ਗਾਇਨ ਲਈ ਪ੍ਰਯੋਗ ਕਰਦੇ ਹਨ।

ਪਿਛਲੇ ਦਿਨੀ Skipp Ross ਅਤੇ Carole Carl ਦੁਆਰੀ ਲਿਖੀ 'Say Yes to your Potential' ਇਸ ਵਿਚ ਦਿੱਤੀਆਂ ਸੰਗੀਤ ਦੇ ਪ੍ਰਭਾਵ ਬਾਰੇ ਕੁਝ ਟਿੱਪਣੀਆਂ ਤੁਹਾਡੇ ਨਾਲ ਸਾਂਝੀਆਂ ਕਰ ਰਹੇ ਹਾਂ:

It has been scientifically proven in controlled experiments that you can take a living plant, control the atmosphere, feeding and watering, and yet its growth will be determined by the music in its environment, In a room with easy listening music, it will grow; with good classical music the plant will flourish and even leans toward the source, just as it leans toward the source of light. Place the same plant in identical surroundings, but change the music, wither, and die.

The war lords of Satanic worship and the manipulators in the drug culture will admit that one of the basic methods by which they move people to their philosophy of life begins with rock music. Many rock musicians are involved in the occult and Eastern religions. Some are open Satan worshipers, with songs about hell and devil.

Although there has been much written in recent years about the negative influence of rock music, the trend has not been abated. The life styles and music of most of the popular rock groups reflect a culture that's rebellious, sadistic, and sexually promiscuous.

A wise man said,"It is easier to understand a nation by listening to its music that by learning its language." A few years before the rise of Hitler a prominent Italian composer, Pietro Mascagni, is quoted as saying, "Modern music is as dangerous as cocaine." Little did he realize at that time that the two would be so closely linked. It is estimated that 90 percent of rock music is composed under the influence of drugs.

Be careful about the music you hear.

ਤੁਹਾਡਾ ਕੀ ਵਿਚਾਰ ਹੈ...

# ਕੀਰਤਨ ਜਿਹੜਾ ਅਨੰਤ ਜ਼ਿੰਦਗੀ ਵੱਲ ਲੈ ਜਾਂਦਾ ਹੈ

ਸੁਖਦੇਵ ਸਿੰਘ ਨਡਾਲੋਂ

ਕੀਰਤਨ:-

ਕੀਰਤਨ ਸਿੱਖ ਧਰਮ ਦਾ ਕੇਂਦਰੀ ਧੁਰਾ ਹੈ? ਜਿਸ ਦੁਆਲੇ ਸਾਰਾ ਧਰਮ ਘੁੰਮਦਾ ਹੈ। ਕੀਰਤਨ ਤੋਂ ਬਿਨਾਂ ਸਿੱਖ ਧਰਮ ਅਧੂਰਾ ਹੈ। ਕੀਰਤਨ ਸ਼ਬਦ ਦਾ ਅਖਰੀ ਅਰਥ ਹਨ : ਵਡਿਆਈ, ਜੱਸ ਤੇ ਪ੍ਰਮਾਤਮਾ ਦੀ ਉਪਮਾ ਨਿਮਰਤਾ ਤੇ ਪਿਆਰ ਸਹਿਤ ਗਾਇਨ ਕਰਨਾ ਹੈ। ਗੁਰਮਤਿ ਵਿਚ ਸੁਰ,ਤਾਲ, ਲੈਅ ਗੁਰਬਾਣੀ ਦਾ ਸਮੇਂ ਸਮੇਂ ਦੇ ਰਾਗਾਂ ਵਿਚ ਗਾਇਨ ਕਰਨਾ ਕੀਰਤਨ ਹੈ।[1]

ਗੁਰਬਾਣੀ ਕੀਰਤਨ ਦੀ ਆਪਣੀ ਮੌਲਿਕਤਾ ਹੈ ਇਸ ਕਰਕੇ ਇਸ ਨੂੰ 'ਗੁਰਮਤਿ ਸੰਗੀਤ' ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਕੀਰਤਨ ਦੇ ਤਿੰਨ ਮੁੱਖ ਅੰਗ ਹਨ ਜਾਂ ਇਹ ਤਿੰਨਾਂ ਦਾ ਸਮਨਵੈ ਹੈ ।[2]

1. ਰਾਗ ਜਾਂ ਸੰਗੀਤ
2. ਕੀਰਤੀ ਜਾਂ ਜੱਸ
3. ਪ੍ਰੇਮ

ਕੀਰਤਨ ਨੂੰ ਤਿੰਨ ਚੀਜ਼ਾਂ ਦਾ ਮੇਲ ਵੀ ਕਿਹਾ ਜਾ ਸਕਦਾ ਹੈ ਉਹ ਹਨ ਫਲਸਫਾ, ਕਾਵਿ ਕਲਾ ਅਤੇ ਸੰਗੀਤ। ਫਲਸਫ਼ੇ ਨੂੰ ਸੰਗੀਤ ਵਿਚ ਬੰਨਣਾ ਕਠਨ ਕਾਰਜ ਹੈ ਜੋ ਗੁਰੂ ਸਾਹਿਬਾਨਾ ਨੇ ਕੀਤਾ।

- ਸੰਗੀਤ ਦੀ ਮਹਿਮਾ ਵਿਚ ਵਿਦਵਾਨਾਂ ਦੇ ਵਿਚਾਰ-
- ਸੰਗੀਤ ਐਸੀ ਖਿੱਚ ਭਰੀ ਅਲੋਕਿਕ ਕਲਾ ਹੈ ਜੋ ਰੂਹਾਂ ਵਿਚ ਸਰਬ ਸਾਂਝ ਪੈਦਾ ਕਰਦੀ ਹੈ। ਮਨਾਂ ਨੂੰ ਆਸਮਾਨੀ ਖੰਭ ਲਾ ਕੇ ਭਾਵਾਂ ਨੂੰ ਉਡਾਰੀ ਦੀ ਦਾਤ ਦਿੰਦੀ ਹੈ। ਉਦਾਸ ਹਿਰਦਿਆਂ ਨੂੰ ਪ੍ਰਸੰਨਤਾ ਅਤੇ ਹਰ ਸ਼ੈ ਵਿਚ ਜ਼ਿੰਦਗੀ ਦੀਆਂ ਸੁਰਾਂ ਛੇੜਦੀ ਹੈ । (ਪਲੈਟੋ)
- ਸੰਗੀਤ ਟੁੱਟੇ ਦਿਲਾਂ ਦੀ ਔਸ਼ਧੀ ਹੈ।(ਏ.ਹੰਟ)
- ਸੰਗੀਤ ਰੋਜ਼ਾਨਾ ਜੀਵਨ ਦੀ ਦੌੜ ਭੱਜ ਦੁਆਰਾ ਆਤਮਾ ਤੇ ਪਏ ਮਿੱਟੀ ਘੱਟੇ ਨੂੰ ਧੋ ਕੇ ਸਾਫ ਕਰ ਦਿੰਦਾ ਹੈ। (ਆਰਬਾਕ)
- ਸੰਗੀਤ ਆਤਮਾ ਨੂੰ ਜਗਾਉਂਦਾ, ਇਸ ਨੂੰ ਚੁੱਕ ਕੇ ਅਰਸਾਂ ਤੇ ਪਹੁੰਚਾਉਂਦਾ ਇਸ ਦੇ ਅੰਦਰ ਰੀਝਾਂ ਦੇ ਖੰਭ ਉਗਾਂਉਦਾ ਤੇ ਇਸ ਤਰਾਂ ਇਸਨੂੰ ਈਸ਼ਵੀਰੀ ਜੋਤ ਨਾਲ ਵਾਰਤਾਲਾਪ ਕਰਨ ਯੋਗ ਬਣਾ ਦੇਂਦਾ ਹੈ।(ਐਡੀਸਨ)
- ਸੰਗੀਤ ਵਿਚ ਵਹਿਸ਼ੀ ਮਨਾਂ ਨੂੰ ਸ਼ਾਂਤ ਤੇ ਪੱਥਰਾਂ ਨੂੰ ਨਰਮ ਕਰਨ ਅਤੇ ਓਕ ਵਰਗੇ ਅਝੁੱਕ ਦਰੱਖਤ ਝੁਕਾ ਦੇਣ ਦੀ ਸ਼ਕਤੀ ਹੈ। (ਕੰਗਰੀਵ)
- ਸੰਗੀਤ ਉਤੇਜਿਤ ਮਨੋ-ਭਾਵਾਂ ਨੂੰ ਸ਼ਾਂਤ ਕਰਨ ਦਾ ਸਾਧਨ ਹੈ।(ਨੈਪੋਲੀਅਨ)

## ਰਾਗ ਜਾਂ ਸੰਗੀਤ :-

ਸੰਗੀਤ ਗਾਇਨ ਵਾਦਨ ਤੇ ਨ੍ਰਿਤ ਤਿੰਨ ਕਲਾਵਾਂ ਦੇ ਮੇਲ ਨੂੰ ਕਿਹਾ ਜਾਂਦਾ ਹੈ। 2. ਬੇਸ਼ੱਕ ਇਹ ਤਿੰਨ ਕਲਾਵਾਂ ਸੁੰਤੰਤਰ ਹਨ ਪਰ ਫਿਰ ਵੀ ਇਕ ਦੂਜੇ ਦੇ ਅਧੀਨ ਹਨ। ਗਾਇਨ ਵਾਦਨ ਦੇ ਅਤੇ ਵਾਦਨ ਨ੍ਰਿਤ ਦੇ ਅਧੀਨ ਹੈ। ਗੁਰਮਤਿ ਵਿਚ ਗਾਇਨ ਅਤੇ ਵਾਦਨ ਨੂੰ ਮਾਨਤਾ ਹੈ ਪਰ ਨ੍ਰਿਤ ਨੂੰ ਨਹੀਂ। ਨ੍ਰਿਤ ਨੂੰ ਜੇਕਰ ਮਾਨਤਾ ਦਿੱਤੀ ਵੀ ਹੈ ਤਾਂ ਅੰਦਰੂਨੀ ਨ੍ਰਿਤ ਨੂੰ । ਜਿਸ ਵੀ ਤਸਵੀਰ ਇਸ ਪ੍ਰਕਾਰ ਹੈ -

**ਵਾਜਾ ਮਤਿ ਪਖਾਵਜੁ ਭਾਉ ॥ ਹੋਇ ਅਨੰਦੁ ਸਦਾ ਮਨਿ ਚਾਉ ॥**
**ਏਹਾ ਭਗਤਿ ਏਹੋ ਤਪ ਤਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੧॥**
**ਪੂਰੇ ਤਾਲ ਜਾਣੈ ਸਾਲਾਹ ॥ ਹੋਰੁ ਨਚਣਾ ਖੁਸੀਆ ਮਨ ਮਾਹ ॥੧॥ ਰਹਾਉ ॥**
**ਸਤੁ ਸੰਤੋਖੁ ਵਜਹਿ ਦੁਇ ਤਾਲ ॥ ਪੈਰੀ ਵਾਜਾ ਸਦਾ ਨਿਹਾਲ ॥**
**ਰਾਗੁ ਨਾਦੁ ਨਹੀ ਦੂਜਾ ਭਾਉ ॥ ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੨॥**
**ਭਉ ਫੇਰੀ ਹੋਵੈ ਮਨ ਚੀਤਿ ॥ ਬਹਦਿਆ ਉਠਦਿਆ ਨੀਤਾ ਨੀਤਿ ॥**
**ਲੇਟਣਿ ਲੇਟਿ ਜਾਣੈ ਤਨੁ ਸੁਆਹੁ ॥ਇਤੁ ਰੰਗਿ ਨਾਚਹੁ ਰਖਿ ਰਖਿ ਪਾਉ ॥੩॥** (ਆਸਾ ਮਹਲਾ ੧ ਪੰਨਾ 350)

ਅਰਥਾਤ- "ਮਨ ਨੂੰ ਵਾਜਾ ਬਣਾਇਆ ਜਾਵੇ ਪ੍ਰੇਮ ਨੂੰ ਜੋੜੀ, ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਨ ਨੂੰ ਤਾਲ ਜਾਣੇ। ਇਹ ਅਸਲ ਨਾਚ ਹੈ। ਜਿਸ ਨਾਲ ਮਨ ਦੀ ਖੁਸ਼ੀ ਹੁੰਦੀ ਹੈ। ਸਾਜ਼ਾਂ ਵਿਚੋ਼ ਸੱਤ ਅਤੇ ਸੰਤੋਖ ਨੂੰ ਦੋ ਛੈਣੇ ਬਣਾਵੇ, ਪ੍ਰਭੂ ਦੀ ਰਜ਼ਾ ਵਿਚ ਸਦਾ ਪ੍ਰਸੰਨ-ਚਿਤ ਰਹਿਣ ਨੂੰ ਪੈਰਾਂ ਦੇ ਘੁੰਗਰੂ ਸਮਝੇ। ਇਕ ਪ੍ਰਮਾਤਮਾ ਨੂੰ ਛੱਡ ਕੇ ਦੂਜੇ ਦਾ ਖਿਆਲ ਨਾ ਹੋਣਾ ਇਹ ਰਾਗ ਅਤੇ ਨਾਦ ਜਾਣੇ। ਮਨ ਅੰਦਰ ਅਕਾਲ ਪੁਰਖ ਦਾ ਡਰ ਰੱਖਣ, ਨਾਚ ਦੀ ਅਸਲ ਫੇਰੀ ਹੈ। ਤਨ ਨੂੰ ਤੁੱਛ ਸਮਝਕੇ, ਇਸ ਤੇ ਮਾਨ ਕਰਨਾ ਨਾਚ ਵਿਚ ਲੇਟਣ ਸਮਝੇ [4]

ਇਹ ਇਕ ਮਾਨਸਿਕ ਨਾਚ ਦੀ ਤਸਵੀਰ ਹੈ ਅਤੇ ਇਸ ਵਿਚ ਨ੍ਰਿਤ ਕਰਨ ਵਾਲੇ ਦੇ ਲੱਛਣ ਚਿੰਨਾਤਮਕ ਭਾਸ਼ਾ ਵਿਚ ਜ਼ਾਹਰ ਕੀਤੇ ਹਨ। ਇਸ ਤਰ੍ਹਾਂ ਗੁਰਮਤਿ ਵਿਚ ਸਰੀਰਕ ਨਾਚ ਨਹੀਂ ਸਗੋਂ ਮਾਨਸਿਕ ਨਾਚ ਨੱਚਣ ਦਾ ਉਪਦੇਸ਼ ਦਿੱਤਾ ਹੈ -

ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਗੋਂਡ ਕਬੀਰ ਜੀ - 372

ਭਗਤੀ ਲਹਿਰ ਵਿਚ ਸੰਗੀਤ ਇਕ ਸਫਲ ਤਜ਼ਰਬਾ ਸੀ ਜਿਸਨੂੰ ਗੁਰੂਆਂ ਨੇ ਸਵੀਕਾਰ ਕੀਤਾ ਤੇ ਆਪਣੇ ਧਰਮ ਪ੍ਰਚਾਰ ਦਾ ਮੁੱਖ ਮਾਧਿਅਮ ਬਣਾਇਆ।[5]

ਮੱਧਕਾਲੀਨ ਯੁੱਗ ਵਿਚ ਭਾਰਤੀ ਸੰਗੀਤ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਸੀ। ਦਰਬਾਰੀ ਸੰਗੀਤ ਨੇ ਮਨੁੱਖ ਨੂੰ ਆਚਰਣਹੀਣ ਬਣਾ ਦਿੱਤਾ ਸੀ ਸ਼ਾਇਦ ਇਸੇ ਕਰਕੇ ਹੀ ਮੁਸਲਮਾਨ ਧਰਮ ਨੇ ਸੰਗੀਤ ਨੂੰ ਆਪਣੇ ਧਾਰਮਿਕ ਰੀਤੀ ਰਿਵਾਜਾਂ ਵਿਚੋਂ ਕੱਢ ਦਿੱਤਾ ਹੋਵੇ ਪਰ ਫਿਰ ਵੀ ਉਹ ਸੰਗੀਤ ਤੋਂ ਖੁਲਾਸੀ ਪ੍ਰਾਪਤ ਨਾ ਕਰ ਸਕਿਆ ਕਿਉਂਕਿ ਮੁਸਲਮਾਲ ਧਰਮ ਦੀ ਰਹਿਤ ਮਰਯਾਦਾ ਕਹਿੰਦੀ ਹੈ ਕਿ ਬਾਂਗ ਸਦਾ ਖੁਸ਼ ਗੁਲੂ ਦੇਵੇ (ਭਾਵ ਮਿੱਠੇ ਤੇ ਸੋਜ਼ ਭਰੇ ਗਲੇ ਵਾਲਾ) ਅੱਗੇ ਚਲਕੇ ਸੂਫੀਆਂ ਨੇ ਸੰਗੀਤ ਨੂੰ ਅਪਣਾਇਆ ਇਸਦੇ ਬਾਵਜੂਦ ਇਕਬਾਲ ਕਹਿੰਦਾ ਹੈ ਕਿ ਕੌਮੀ ਬੁਨਿਆਦਾਂ ਦੀ ਤਕਦੀਰ ਤਲਵਾਰ ਔਰ ਢਾਲ ਦੇ ਸਿਰ ਤੇ ਹੈ ਸੰਗੀਤ ਉਸ ਤੋਂ ਬਾਦ ਵਿਚ -

ਮੈਂ ਤੁਝਕੋ ਬਤਾਤਾ ਹੂੰ ਤਕਦੀਰੇ ਉਮਸ ਕਿਆ ਹੈ।
ਸ਼ਮਸ਼ੀਰ ਔਰ ਸਨਾਂ ਅਵਲ ਤਾਉਸ ਓ ਰਬਾਬ ਆਖਰ॥

ਪਰ ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੇ ਉਲਝੇ ਹੋਏ ਤਾਣੇ ਨੂੰ ਸੁਰ ਕਰਨ ਲਈ ਰਬਾਬ ਨੂੰ ਪਹਿਲੇ ਨੰਬਰ ਤੇ ਲਿਆਂਦਾ। ਜਦੋਂ ਪਹਿਲੀ ਵਾਰ ਭਾਈ ਫਿਰੰਦੇ ਨੇ ਇਹ ਰਬਾਬ ਗੁਰੂ ਜੀ ਅੱਗੇ ਭੇਂਟ ਕੀਤੀ ਤੇ ਉਸ ਵੇਲੇ ਭਾਈ ਮਰਦਾਨਾ ਜੀ ਨੇ ਵਜਾਈ। ਜਨਮ ਸਾਖੀ ਅਨੁਸਾਰ ਇਸਦੇ ਮਧੁਰ ਸੰਗੀਤ ਨਾਲ ਗੁਰੂ ਬਾਬੇ ਦੀ ਕਈ ਘੰਟੇ ਸਮਾਧੀ ਲੱਗੀ ਰਹੀ। ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਨੇ ਰਬਾਬ ਦੀ ਮਧੁਰਤਾ ਤੇ ਰਸ ਨਾਲ ਜੋ ਵਾਤਾਵਰਣ ਉਸ ਵੇਲੇ ਬਣ ਗਿਆ ਉਸਨੂੰ ਕਾਵਿ ਮਈ ਅੰਦਾਜ਼ ਨਾਲ ਇਸ ਤਰ੍ਹਾਂ ਵਰਣਨ ਕੀਤਾ ਹੈ। ਇਸ ਸੰਗੀਤਕ ਧੁਨਿ ਦੀ ਛਬਿ ਨੂੰ ਸੁਣਨ ਲਈ ਜੜ ਚੀਜ਼ਾਂ ਚੇਤਨ ਤੇ ਚੇਤਨ ਜੜ ਹੋ ਗਈਆਂ। ਚੇਤਨ ਚੀਜ਼ਾਂ ਦੇ ਜੜ ਹੋਣ ਤੋਂ ਆਪਦਾ ਮਤਲਬ ਹੈ ਕਿ ਜੰਗਲ ਦੇ ਪਸ਼ੂ ਪੰਛੀ ਆਦਿਕ ਜਾਨਵਰ ਜਿਥੇ ਜਿਥੇ ਬੈਠ ਜਾਂ ਤੁਰ ਫਿਰ ਰਹੇ ਸਨ ਉਹ ਉਥੇ ਬੁੱਤ ਹੋ ਕੇ ਖਲੋ ਗਏ ਤੇ ਰਾਗ ਦੀ ਮਸਤੀ ਵਿਚ ਆਪਣਾ ਆਪ ਭੁੱਲ ਗਏ। ਮਸਤੀ ਤੇ ਵਜਦ ਦੀ ਹਾਲਤ ਵਿਚ ਆ ਕੇ ਬ੍ਰਿਛਾਂ ਬੂਟਿਆਂ ਵਿਚੋਂ ਰਸ ਚੋਣਾਂ ਸ਼ੁਰੂ ਹੋ ਗਿਆ। ਹੋਰ ਤੇ ਹੋਰ ਚਲਦੀ ਹੋਈ ਹਵਾ ਵੀ ਸੰਗੀਤ ਰਸ ਮਾਨਣ ਲਈ ਕੁਝ ਚਿਰ ਲਈ ਬਿਲਕੁਲ ਸ਼ਾਂਤ ਹੋ ਗਈ।[6]

ਉਪਰੋਕਤ ਉਦਾਹਰਣਾਂ ਤੋਂ ਪਤਾ ਲੱਗਦਾ ਹੈ ਕਿ ਜੇਕਰ ਸੰਗੀਤ ਨੂੰ ਉਸਾਰੂ ਪੱਖ ਤੋਂ ਵਰਤਿਆਂ ਜਾਵੇ ਤਾਂ ਮਨੁੱਖੀ ਸ਼ਖਸੀਅਤ ਦੀ ਉਸਾਰੀ ਦਾ ਵਧੀਆ ਸਾਧਨ ਹੈ। ਗੁਰੂ ਸਾਹਿਬਾਨਾਂ ਨੇ ਆਪਣੇ ਸੰਦੇਸ਼ ਨੂੰ ਹਰੇਕ ਤੱਕ ਪਹੁੰਚਾਉਣ ਲਈ ਮਨੋਵਿਗਿਆਨਕ ਸੋਚ ਤੋਂ ਕੰਮ ਲਿਆ। ਮਨੁੱਖੀ ਮਨ ਬੜਾ ਚੰਚਲ ਪ੍ਰਕਿਤੀ ਦਾ ਹੈ ਪਾਰੇ ਦੀ ਤਰਾਂ ਝੱਟ ਹੱਥਾਂ ਚੋ਼ ਫਿਸਲ ਜਾਂਦਾ ਹੈ। ਇਹ ਸਥਿਰ ਨਹੀਂ ਰਹਿੰਦਾ। ਜਦੋਂ ਇਸਨੂੰ ਜਜਬਿਆਂ ਦੀ ਬੋਲੀ ਨਾਲ ਸਮਝਾਇਆ ਜਾਵੇ ਤਾਂ ਜਲਦੀ ਸਮਝ ਸਕਦਾ ਹੈ ਅੱਜ ਦਾ ਮਨੋਵਿਗਿਆਨ ਵੀ ਇਹੋ ਮੰਨਦਾ ਹੈ ਕਿ ਮਨੁੱਖ ਜਜ਼ਬਿਆਂ ਦੇ ਵਹਿਣ ਵਿਚ ਵਹਿ ਕੇ ਅਮਲ ਕਰਦਾ ਹੈ ਨਿਰਾ ਗਿਆਨ ਆਸਰੇ ਨਹੀਂ ਕਰਦਾ ਜੇ ਇਹ ਨਿਰੋਲ ਗਿਆਨ ਦੀ ਅਗਵਾਈ ਵਿਚ ਚਲੇ ਤਾਂ ਸ਼ਾਇਦ ਕੋਈ ਭੁੱਲ ਨਾ ਹੋਵੇ ਪਰ ਐਸਾ ਨਹੀਂ ਹੁੰਦਾ ਕਿਉਂਕਿ ਮਨ ਸੁਭਾਅ ਅਨੁਸਾਰ ਪੱਕੇ ਸੰਸਕਾਰਾਂ ਦੀ ਲੀਹ ਵਿਚ ਤੁਰਦਾ ਰਹਿੰਦਾ ਹੈ। ਸੋ ਉਸ ਵੇਲੇ ਭਾਵਕ ਵਹਿਣ ਦਾ ਰੁੱਖ ਮੋੜਣ ਲਈ ਮਨੋਭਾਵਾਂ ਨੂੰ ਪ੍ਰਭਾਵਿਤ ਕੀਤਾ ਜਾਂਦਾ । ਇਹ ਮਨੋਭਾਵ ਅਧਿਆਤਮਕ ਸੰਗੀਤ ਰਾਹੀਂ ਵਧੇਰੇ ਪ੍ਰਬਲਤਾ ਨਾਲ ਪਰਿਵਰਤਤ ਕੀਤੇ ਜਾ ਸਕਦੇ ਹਨ।

**ਗੁਰਮਤਿ ਸੰਗੀਤ ਅਨੁਸਾਰ ਉਤਮ ਰਾਗ ਕਿਹੜਾ ਹੈ ? –**

ਰਾਗ ਦੇ ਅਰਥ ਪ੍ਰੇਮ ਜਾਂ ਪਿਆਰ ਵਜੋਂ ਵੀ ਕੀਤੇ ਜਾਂਦੇ ਹਨ ਕਿਉਂਕਿ ਪਿਆਰ ਤੋਂ ਬਿਨਾਂ ਗਾਉਣਾ ਅਸੰਭਵ ਹੈ। ਜਿਥੇ ਪਿਆਰ ਹੈ ਉਥੇ ਰਸ ਹੋਵੇਗਾ। ਉਥੇ ਹੀ ਲਿਵ ਲੱਗਣ ਦਾ ਵਸੀਲਾ ਹੋਵੇਗਾ। ਪਿਆਰ ਤੋਂ ਹੀ ਨਿਮਰਤਾ ਦਾ ਸਰੂਪ ਪ੍ਰਗਟ ਹੁੰਦਾ ਹੈ। ਇਸ ਤਰਾਂ ਰਾਗ ਪਿਆਰ ਦਾ ਹੀ ਦੂਸਰਾ ਰੂਪ ਹੈ। ਸੂਫੀ ਫਕੀਰ ਸਿਮੂਨ ਮੋਹਿਬ ਨੇ ਰਾਗ ਬਾਰੇ ਰੋਚਕ ਢੰਗ ਨਾਲ ਕਿਹਾ ਹੈ ਕਿ "ਰਾਗ ਸੱਦ ਹੈ ਅੱਲਾ ਵਲੋਂ ਰੂਹ ਨੂੰ, ਰੂਹ ਦਾ ਜਵਾਬ ਇਸ ਸੱਦ ਨੂੰ ਕੀ ਹੈ, ਵਜਦ ਵਿਚ ਆ ਜਾਣਾ। ਗਸ਼ (ਮੂਰਛਾ) ਹੋ ਜਾਣੀ ਜਾਂ ਰੂਹ ਦਾ ਅੱਲਾ ਵਿੱਚ ਸਮਾਂ ਜਾਣਾ" ।[7]

ਪਰ ਭਾਰਤੀ ਮਧਕਾਲੀਨ ਸੰਗੀਤਕਾਰਾਂ ਨੇ ਰਾਗ ਰਾਗਣੀਆਂ ਦੇ ਲੱਛਣ ਦਰਸਾਉਣ ਲਈ ਉਨ੍ਹਾਂ ਨੂੰ ਕਾਮੁਕ ਜਾਲ ਵਿਚੋ਼ ਬਾਹਰ ਨਹੀਂ ਕੱਢਿਆ ਸਗੋਂ ਉਨ੍ਹਾਂ ਨੂੰ ਰੁਮਾਂਟਿਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਜਿਹੜੇ ਰਾਗਾਂ ਦੇ ਇਸ ਤਰਾਂ ਦੇ ਲੱਛਣ ਦਿਖਾਏ ਗਏ ਸਨ ਉਹ ਮਨੁੱਖੀ ਮਨ ਨੂੰ ਕਿਵੇਂ ਸੁਰ ਕਰ ਸਕਦੇ ਹਨ। ਉਹ ਤਾਂ ਢਾਹੂ ਕਿਰਿਆਵਾਂ ਨੂੰ ਉਤਸ਼ਾਹ ਦੇ ਸਕਦੇ ਸਨ। ਉਦਾਹਰਣ ਲਈ ਮੱਧਕਾਲੀਨ ਸੰਗੀਤਕਾਰਾਂ ਨੇ ਬਸੰਤ ਅਤੇ ਹਿੰਡੋਲ ਦੋਹਾਂ ਰਾਗਾਂ ਦੇ ਲੱਛਣ ਦਰਸਾਉਣ ਲਈ ਉਨ੍ਹਾਂ ਨੂੰ ਸੁੰਦਰ ਯੁਵਤੀਆਂ ਨਾਲ ਘਿਰੇ ਹੋਏ ਵਿਖਾਇਆ ਹੈ। ਸੁੰਦਰ

ਯੁਵਤੀਆਂ ਦੇ ਭਾਰੇ ਲੱਕ ਕਿਸੇ ਸਰੀਰਕ ਭੁੱਖ ਵੱਲ ਸੰਕੇਤ ਕਰਦੇ ਹਨ। ਪਰ ਗੁਰੂ ਅਮਰਦਾਸ ਜੀ ਦੇ ਬਸੰਤ ਜਾਂ ਬਸੰਤ ਹਿੰਡੋਲ ਵਿਚਲਾ ਨਾਇਕ ਜਾਂ ਨਾਇਕਾ ਦੋਵੇਂ ਹੱਡ ਚੰਮ ਦੀ ਸਤਾ ਤੋਂ ਉਚੇ ਸਹਿਜ ਪਿਆਰ ਦੇ ਲੋਚਕ ਹਨ। ਹੱਡ ਚੰਮ ਦੀ ਖੁਸ਼ੀ ਛਿਨ ਭੰਗਰੀ ਹੈ। ਇਹ ਝੱਟ ਖਿੜਕੇ ਪੱਟ ਕੁਮਲਾ ਜਾਂਦੀ ਹੈ। ਪਰ ਸਹਿਜ ਅਨੰਦ ਦਾ ਆਤਮਕ ਖੇੜਾ ਸਦੀਵੀ ਰੰਗ ਵਿਚ ਰੰਗਿਆ ਹੋਇਆ ਹੈ ਅਜਿਹਾ ਖੇੜਾ ਬਸੰਤ ਦੁਆਰਾ ਹਰਿ ਗੁਣ ਗਾਉਣ ਨਾਲ ਪ੍ਰਾਪਤ ਹੁੰਦਾ ਹੈ।[8]

ਤਿਨ ਬਸੰਤ ਜੋ ਹਰਿ ਗੁਣ ਗਾਇ ॥
ਪੂਰੇ ਭਾਗਿ ਹਰਿ ਭਗਤਿ ਕਰਾਇ ॥

(ਬਸੰਤ ਮਹਲਾ ੩ ਪੰਨਾ 1176)

ਸੋ ਗੁਰੂ ਸਾਹਿਬਾਨਾਂ ਨੇ ਰਾਗਾਂ ਦੇ ਭਾਵਾਂ ਨੂੰ ਸਾਰਥਕ ਬਣਾਉਣ ਲਈ ਇਕ ਗੱਲ ਨਿਸਚਿਤ ਕੀਤੀ ਕਿ ਪ੍ਰਭੂ ਕੀਰਤੀ ਤੋਂ ਬਿਨਾਂ ਰਾਗ ਅਧੂਰੇ ਹਨ। ਸਰਬੋਤਮ ਰਾਗ ਹੀ ਉਸ ਨੂੰ ਮੰਨਿਆ ਜਿਸਦੇ ਸੁਣਨ ਨਾਲ ਪ੍ਰਭੂ ਪ੍ਰੀਤਮ ਦਾ ਹਿਰਦੇ ਵਿਚ ਵਾਸਾ ਹੋ ਜਾਂਦਾ ਹੈ।

ਸਭਨਾਂ ਰਾਗਾਂ ਵਿਚ ਸੋ ਭਲਾ ਭਾਈ,
ਜਿਤੁ ਵਸਿਆ ਮਨਿ ਆਇ ॥
ਰਾਗ ਨਾਦੁ ਸਭ ਸਚੁ ਹੈ,
ਕੀਮਤ ਕਹੀ ਨਾ ਜਾਇ ॥ (ਸਲੋਕ ਵਾਰਾਂ ਤੇ ਵਧੀਕ -1423)
ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥ (ਵਾਰ ਰਾਮਕਲੀ -958)

<u>ਹਵਾਲੇ</u>


1. ਭਾਈ ਕਾਨ੍ਹ ਸਿੰਘ — ਗੁਰਮਤਿ ਮਾਰਤੰਡ — ਪੰਨਾ 299
2. ਡਾ. ਦਲੀਪ ਸਿੰਘ 'ਦੀਪ' — ਗੁਰਬਾਣੀ ਚਿੰਤਨ — ਪੰਨਾ 173
3. ਸੰਗੀਤ ਰਤਨਾਕਰ — ਸੰਗੀਤ ਕੌਮਦੀ ਚੋਂ ਹਵਾਲਾ — ਪੰਨਾ 35
4. ਡਾ. ਦੀਪ — ਗੁਰਬਾਣੀ ਚਿੰਤਨ — ਪੰਨਾ 187
5. ਪਿਆਰਾ ਸਿੰਘ 'ਪਦਮ' — ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ — ਪੰਨਾ 256
6. 'ਅੰਮ੍ਰਿਤ ਕੀਰਤਨ' ਮਾਸਿਕ ਪੱਤਰ ਦੇ ਫਰਵਰੀ 1991 ਵਿਚ ਛਪੇ ਪ੍ਰੋ ਹਰੀ ਸਿੰਘ ਦੇ ਲੇਖ 'ਸੰਗੀਤ ਦੀ ਮਹਿਮਾ' ਚੋ਼ ਹਵਾਲਾ।
7. ਡਾ. ਬਲਬੀਰ ਸਿੰਘ ਦਿਲ — ਅਮਰਕਵੀ ਗੁਰੂ ਅਮਰਦਾਸ — ਪੰਨਾ 79
8. ਡਾ. ਬਲਬੀਰ ਸਿੰਘ ਦਿਲ — ਅਮਰਕਵੀ ਗੁਰੂ ਅਮਰਦਾਸ — ਪੰਨਾ 87


(ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਵਿਚੋਂ)


**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਸੁਰ ਵਿਚ ਹੋਣਾ...

## ਸਿੰਘ ਸੰਧੂ ਸੁਰਿੰਦਰ ਸਿੰਘ

(ਗਾਉਂਦੇ-ਗਾਉਂਦੇ ਦੀਪਕ ਜਲਾ ਦੇਣਾ! ਗਾਉਂਦੇ ਗਾਉਂਦੇ ਬੱਦਲ ਵਰਸਾ ਦੇਣਾ! ਕਹਿਣ ਸੁਣਨ ਵਿਚ ਇਹ ਗੱਲਾਂ ਕਦੇ ਝੂਠੀਆਂ ਲਗਦੀਆਂ ਹਨ, ਕਦੇ ਕਲਪਨਾ ਪਰ ਇਹ ਸੰਗੀਤ ਦੀ ਦੁਨੀਆਂ ਦਾ ਸੱਚ ਹੈ ਅਤੇ ਇਸ ਤੋਂ ਵੱਡਾ ਸੱਚ ਹੈ ਸੰਗੀਤ ਦੀ ਸਾਧਨਾ...ਅਤੇ ਇਸ ਸਾਧਨਾ ਵਿਚ ਵਿਸ਼ਵਾਸ ਰੱਖਣ ਵਾਲੇ ਪ੍ਰਸਿੱਧ ਗਾਇਕ ਅਮੀਰ ਖਾਂ ਅਤੇ ਗੁਲਾਮ ਅਲੀ ਖਾਂ ਆਪਣੀ ਸਾਧਨਾ ਨੂੰ ਸਮੁੱਚੀ ਜ਼ਿੰਦਗੀ ਕਿਵੇਂ ਸਿੰਜਦੇ ਰਹੇ-ਇਸ ਪ੍ਰਕਿਰਿਆ ਅਤੇ ਉਹਨਾਂ ਦੇ ਦੈਨਿਕ ਜੀਵਨ ਦੀਆਂ ਝਲਕੀਆਂ ਪੇਸ਼ ਕਰ ਰਹੇ ਹਨ, ਸਿੰਘ ਬੰਧੂ ਸੰਗੀਤਕਾਰ-ਸੁਰਿੰਦਰ ਸਿੰਘ; ਜਿਸਦਾ ਪੰਜਾਬੀ ਅਨੁਵਾਦ ਹਾਜ਼ਰ ਹੈ)

ਕੁਝ ਯਾਦਾਂ ਹਨ ਕਿ ਤਸਵੀਰਾਂ ਵਾਂਗ ਮੇਰੇ ਦਿਲ ਵਿਚ ਜੰਮ ਗਈਆਂ ਹਨ-ਇਕ ਹੈ ਉਸਤਾਦ ਬੜੇ ਗ਼ੁਲਾਮ ਅਲੀ ਖਾਂ ਸਾਹਿਬ ਦੀ ਯਾਦ...ਦਿੱਲੀ ਦੇ 6, ਪੂਸਾ ਰੋਡ ਵਿਚ ਆਪਣੇ 'ਸਰਦਾਰ ਜੀ' ਦੋਸਤ ਦੇ ਘਰ ਜ਼ਮੀਨ ਤੇ ਬੈਠੇ ਖਾਂ ਸਾਹਿਬ ਉਹਨਾਂ ਦੀਆਂ ਦੋ ਲੱਤਾਂ ਢਿੱਡ ਦੇ ਦੁਆਲੇ ਘੁੰਮ ਕੇ ਬਸ, ਮਸਾਂ ਪੈਰਾਂ ਦੇ ਅੰਗੂਠੇ ਹੀ ਛੋਹ ਸਕਦੀਆਂ। ਦਿੱਲੀ ਦੀ ਗਰਮੀ, ਨੰਗੇ ਸਰੀਰ, ਹੱਥ ਵਿਚ ਸੁਰਮੰਡਲ ਲਈ ਸੁਰਾਂ ਦਾ ਜਾਦੂ ਜਗਾਉਂਦੇ...'ਹਰੀ ਓਮ...ਤਤਸਤ ਹਰ ਓਮ, ਮਹਾਮੰਤਰ ਹੈ..ਤੂੰ ਇਹਨੂੰ ਜਪਿਆ ਕਰ...ਹਰੀ ਓਮ...'

ਦੂਜੀ ਤਸਵੀਰ ਹੈ ਆਪਣੇ ਗੁਰੂ ਉਸਤਾਦ ਅਮੀਰ ਖਾਂ ਸਾਹਿਬ ਦੀ। ਕਲਕੱਤੇ ਤੋਂ ਆਏ ਸਨ ਉਸਤਾਦ। ਉਦੋਂ ਹੀ ਗ਼ੁਲਾਮ ਅਲੀ ਖਾਂ ਸਾਹਿਬ ਦਾ ਦਿਹਾਂਤ ਹੋਇਆ ਸੀ। ਮੈਂ ਕਿਹਾ, 'ਗ਼ੁਲਾਮ ਅਲੀ ਖਾਂ ਸਾਹਿਬ ਦਾ ਬੜਾ ਦੁੱਖ ਹੋਇਆ।" ਉਸਤਾਦ ਇਕਦਮ ਚੁੱਪ ਹੋ ਗਏ। ਫਿਰ ਬੋਲੇ, "ਤੂੰ ਮੇਰੇ ਨਾਲ ਗੱਲ ਨਾ ਕਰ ਯਾਰ!" ਮੈਂ ਹੈਰਾਨ ਰਹਿ ਗਿਆ। 'ਤੂੰ' ਅਤੇ 'ਯਾਰ' ਤਾਂ ਕੀ ਉਸਤਾਦ ਮੇਰੇ ਮੂੰਹੋਂ ਆਪਣੇ ਜੀਵਨ ਭਰ ਦੇ ਸੰਗੀਤ-ਵਿਰੋਧੀ ਦੀ ਤਾਰੀਫ਼ ਨਹੀਂ ਸੁਣਨਾ ਚਾਹੁੰਦੇ। ਮੈਂ ਹੈਰਾਨੀ ਨਾਲ ਉਨ੍ਹਾਂ ਦੇ ਛੇ ਫੁੱਟੇ ਸਰੀਰ ਦੇ ਉੱਤੇ ਸਜੇ ਚਿਹਰੇ ਨੂੰ ਵੇਖਿਆ। ਉਹ ਤਸਵੀਰ ਵੀ ਮੇਰੇ ਦਿਲ ਵਿਚ ਫਰੇਮ ਹੋ ਗਈ ਹੈ।

ਉਸਤਾਦ ਦੀਆਂ ਵੱਡੀਆਂ-ਵੱਡੀਆਂ, ਸੁੰਦਰ ਅੱਖਾਂ ਵਿਚ ਲਾਲ-ਲਾਲ ਡੋਰੇ ਉਭਰ ਆਏ ਸਨ, ਜਿਵੇਂ ਹੁਣੇ ਫੁੱਟ ਪੈਣਗੀਆਂ।

"ਹਾਂ", ਉਸਤਾਦ ਨੇ ਵਾਕ ਪੂਰਾ ਕੀਤਾ ਸੀ...। ਦੁਬਾਰਾ ਬੋਲੇ, "ਮੇਰੇ ਨਾਲ ਗੱਲ ਨਾ ਕਰ। ਹੁਣ ਮੈਂ ਕੀਹਨੂੰ ਵੇਖ ਗਾਵਾਂਗਾ? ਜਦੋਂ ਤਕ ਗ਼ੁਲਾਮ ਅਲੀ ਸੀ, ਮੈਨੂੰ ਡਰ ਰਹਿੰਦਾ ਸੀ, ਇਸ ਕਾਨਫਰੰਸ ਵਿਚ ਉਹ ਵੀ ਹੈ। ਹੁਣ ਮੈਂ ਕੀਹਦੇ ਲਈ ਗਾਵਾਂਗਾ?

ਅਤੇ ਅੱਜ ਜਦੋਂ ਦੋਵੇਂ ਹੀ ਨਹੀਂ ਰਹੇ ਤਾਂ ਸਮਝ ਆਉਂਦੀ ਹੈ ਕਿ ਦੋਵੇਂ ਇਕ ਦੂਜੇ ਦਾ ਜਵਾਬ ਸਨ ਅਤੇ ਉਹਨਾਂ ਦਾ ਜਵਾਬ ਕੋਈ ਨਹੀਂ।

ਪਹਾੜ ਨਾਲੋਂ ਬੁਲੰਦ, ਖੂਬਸੂਰਤ ਅਤੇ ਵਿਸ਼ਾਲ ਗੁਲਾਮ ਅਲੀ ਬੜੇ ਮਜ਼ੇ ਵਾਲੇ ਆਦਮੀ ਸਨ। ਰੰਗੀਨ ਗਾਣਾ, ਰੰਗੀਨ ਤਬੀਅਤ ਅਤੇ ਬਿਲਕੁਲ ਫਕੀਰਾਨਾ ਜ਼ਿੰਦਗੀ। ਖਾਣੇ ਦੇ ਅਜਿਹੇ ਸ਼ੌਕੀਨ ਕਿ ਜਿੱਥੇ ਰਹੇ, ਇਕ

ਅੱਧ ਸ਼ਗਿਰਦ ਸਿਰਫ ਰਸੋਈ ਦੀ ਸੇਵਾ ਤੇ ਰਿਹਾ। ਦੋਸਤਾਂ ਦੇ ਘਰੇ ਠਹਿਰਦੇ, ਪਰ ਆਪਣਾ ਖਾਣਾ ਅੱਡ ਪਕਵਾਉਂਦੇ, ਤਾਂ ਕਿ ਉਹਨਾਂ ਦੇ ਸ਼ੌਕ ਦਾ ਭਾਰ ਕਿਸੇ ਤੇ ਨਾ ਪਵੇ।

ਪਰ ਜ਼ਰਾ ਠਹਿਰੋ, ਇਕ ਰੰਗੀਨੀ ਦਾ ਕਿੱਸਾ ਸੁਣੋ, ਜੋ ਪ੍ਰੋ: ਦੇਵਧਰ ਨੇ ਲਿਖਿਆ ਹੈ:

ਇਕ ਵਾਰ ਗ਼ੁਲਾਮ ਅਲੀ ਖਾਂ ਸਾਹਿਬ ਬੰਬਈ ਚੌਪਾਟੀ ਤੇ ਬੈਠੇ ਸਨ ਕਿ ਇਕ ਸੁੰਦਰ ਯੁਵਤੀ ਮਟਕਦੀ ਹੋਈ ਲੰਘ ਗਈ। ਉਸਤਾਦ ਨੇ ਜੋ ਉਸਨੂੰ ਵੇਖਿਆ ਤਾਂ ਆਲਾ-ਦੁਆਲਾ, ਸੰਗ ਸਾਥ ਸਭ ਭੁੱਲ ਗਏ ਆਖਰ ਦੇਵਧਰ ਜੀ ਤੋਂ ਨਾ ਰਿਹਾ ਗਿਆ। ਛੇੜਿਆ, "ਬਈ ਉਸਤਾਦ ਤੁਹਾਡੀ ਇਹ ਉਮਰ ਅਤੇ ਇਹ ਸ਼ੌਕ।"

ਗ਼ੁਲਾਮ ਅਲੀ ਕੁਝ ਨਾ ਬੋਲੇ। ਥੋੜ੍ਹੀ ਦੇਰ ਰੁਕ ਕੇ ਕਿਹਾ, "ਚਲੋ ਦੇਵਧਰ ਜੀ, ਤੁਹਾਡੇ ਸਕੂਲ ਚੱਲੀਏ।" ਉਥੇ ਪਹੁੰਚ ਕੇ ਆਪਣਾ ਸੁਰਮੰਡਲ ਹੱਥ ਵਿਚ ਲੈ ਕੇ ਕਿਹਾ, "ਵੇਖੋ ਦੇਵਧਰ ਜੀ, ਉਹ ਲੜਕੀ ਇਉਂ ਚੱਲ ਰਹੀ ਸੀ।" ਅਤੇ ਫਿਰ ਜੋ ਸੁਰ ਉਭਰਿਆ ਤਾਂ ਸਭ ਪਾਸੇ 'ਵਾਹ ਵਾਹ' ਦੀ ਆਵਾਜ਼ ਸੁਣਾਈ ਦਿੱਤੀ। ਵਾਕਈ ਇਉਂ ਲੱਗਿਆ, ਉਹ ਲੜਕੀ ਚਲ ਰਹੀ ਹੈ।

"ਦੇਵਧਰ ਸਾਹਿਬ, ਮੈਂ ਉਹਨੂੰ ਇਸੇ ਲਈ ਵੇਖ ਰਿਹਾ ਸਾਂ।" ਖਾਂ ਸਾਹਿਬ ਨੇ ਕਿਹਾ।

ਗ਼ੁਲਾਮ ਅਲੀ ਖਾਂ ਸਾਹਿਬ ਦੂਜੇ ਗਾਇਕਾਂ ਦੀ ਸਿਫਤ ਬੜੇ ਮਜ਼ੇ ਵਿਚ ਕਰਦੇ ਸਨ। ਇਕ ਗਾਇਕ ਨੂੰ ਬੰਬਈ ਵਿਚ ਆਏ ਤਾਂ ਸੁਣ ਕੇ ਕਹਿਣ ਲੱਗੇ, " ਉਹਨਾਂ ਨੂੰ ਸੁਣਿਆ, ਕੇਦਾਰ ਗਾ ਰਹੇ ਹਨ, ਹੌਂਕ ਹੌਂਕ ਕੇ ਸ-ਮ-ਪ ਧਪਮ ਸਰੇ ਸ...ਇਉਂ ਲੱਗਿਆ ਕਿਤੋਂ ਦੂਰੋਂ ਆਏ ਹਨ, ਬੜਾ ਜ਼ਰੂਰੀ ਸੁਨੇਹਾ ਦੇਣਾ ਹੈ ਅਤੇ ਛੇਤੀ ਕਿਤੇ ਦੂਰ ਜਾਣਾ ਹੈ।

ਸੰਗੀਤ-ਸੇਵੀ ਭਾਤਖੰਡ ਜੀ ਤੋਂ ਲਗਭਗ ਸਾਰੇ ਹੀ ਉਸਤਾਦ ਜੀ ਨਾਰਾਜ਼ ਰਹਿੰਦੇ ਸਨ। ਗੁਲਾਮ ਅਲੀ ਖਾਂ ਸਾਹਿਬ ਕਿਵੇਂ ਪਿੱਛੇ ਰਹਿੰਦੇ। ਭਾਤਖੰਡੇ ਜੀ ਦੀ ਪੁਸਤਕ ਇਕ ਮੁਲਤਾਨੀ ਰਾਗ ਦੀ ਬੰਦਿਸ਼ ਵਿਚ 'ਰੇ' ਸੁਰ ਤੇ ਗਲਤ ਅਤੇ ਅਤਿ ਆਧਕ ਜ਼ੋਰ ਦਿੱਤਾ ਹੈ। ਖਾਂ ਸਾਹਿਬ ਕਹਿਣ ਲੱਗੇ, "ਮੁਲਤਾਨੀ ਵਿਚ ਦੋ ਮਾਤਰਾ ਦਾ ਰੇ ਮੈਂ ਨਹੀਂ ਮੰਨ ਸਕਦਾ, ਚਾਹੇ ਦਾਲਖੰਡਾ ਕਹੇ ਚਾਹੇ ਭਾਤਖੰਡਾ।"

ਇਕ ਦਿਨ ਪੂਸਾ ਰੋਡ ਤੇ ਉਸਤਾਦ ਅਮੀਰ ਖਾਂ ਸਾਹਿਬ ਦਾ ਜ਼ਿਕਰ ਆ ਗਿਆ। ਗ਼ੁਲਾਮ ਅਲੀ ਖਾਂ ਸਾਹਿਬ ਹੱਸੇ, "ਬੜੀ ਡੂੰਘੀ ਗਾਇਕੀ ਹੈ...ਸਮੁੰਦਰ ਵਾਂਗ ਡੂੰਘੀ ਗਾਇਕੀ ਹੈ...ਸਮੁੰਦਰ ਵਾਂਗ ਹੀ ਖਾਰੀ ਵੀ ਹੈ।"

ਮੈਂ ਬੜੇ ਦੁੱਖ ਨਾਲ ਇਹ ਗੱਲ ਆਪਣੇ ਵੱਡੇ ਗੁਰੂਭਾਈ ਪੰਡਤ ਅਮਰਨਾਥ ਨੂੰ ਦੱਸੀ। ਉਹ ਹੱਸੇ, ਕਹਿਣ ਲੱਗੇ, ਗ਼ੁਲਾਮ ਅਲੀ ਦੀ ਗੱਲ ਨਾ ਸੁਣੋ। ਉਹ ਸਾਈਂ ਲੋਕ ਹੈ। ਉਸਦਾ ਗਾਣਾ ਸਣੋ। ਸਾਨੂੰ ਉਹ ਵੇਲਾ ਹੀ ਚੇਤੇ ਹੈ ਜਦੋਂ ਲਾਹੌਰ ਵਿਚ ਅਮੀਰ ਖਾਂ ਦਾ ਗਾਇਨ ਸੁਣ ਕੇ ਗ਼ੁਲਾਮ ਅਲੀ ਨੇ ਕਿਹਾ ਸੀ, "ਯਾ ਅੱਲ੍ਹਾ, ਕੀ ਆਦਮੀ ਇਹੋ ਜਿਹਾ ਵੀ ਗਾ ਸਕਦਾ ਹੈ।"

ਜੀ ਹਾਂ, ਅਜੀਬ ਸਨ ਉਹ ਲੋਕ। ਜਦੋਂ ਦਿੱਲੀ ਯੂਨੀਵਰਸਿਟੀ ਦੇ ਡਾਕਟਰ ਸਕਸੈਨਾ ਨੇ ਅਮੀਰ ਖਾਂ ਸਾਹਿਬ ਦੇ ਸਾਹਮਣੇ ਗ਼ੁਲਾਮ ਅਲੀ ਖਾਂ ਸਾਹਿਬ ਦੀ ਤਾਰੀਫ ਕੀਤੀ ਤਾਂ ਅਮੀਰ ਖਾਂ ਸਾਹਿਬ ਨੇ ਤਿਰਛੀ ਨਜ਼ਰ ਨਾਲ ਸਕਸੈਨਾ ਸਾਹਿਬ ਵੱਲ ਵੇਖਿਆ ਅਤੇ ਕਿਹਾ, "ਗ਼ੁਲਾਮ ਅਲੀ ਖਿਆਲ ਗਾਉਂਦਾ ਹੈ? "ਉਹੀ ਗ਼ੁਲਾਮ ਅਲੀ, ਜਿਸਦੇ ਚਲੇ ਜਾਣ ਤੇ ਅਮੀਰ ਖਾਂ ਨੂੰ ਇਹ ਦੁੱਖ ਹੋਇਆ ਸੀ ਕਿ ਹੁਣ ਉਹਨੂੰ ਕਿਸੇ ਦਾ ਡਰ ਨਹੀਂ ਰਿਹਾ ਸੀ।

ਗ਼ੁਲਾਮ ਅਲੀ ਗਾਲ੍ਹੜੀ ਸਨ, ਖ਼ੁਸ਼ਮਿਜਾਜ਼ ਅਤੇ ਮਿਲਣਹਸਾਰ ਸਨ। ਉਹਨਾਂ ਦੇ ਘਰ ਹਰ ਸਮੇਂ ਮਿਲਣ ਵਾਲਿਆਂ ਦਾ ਤਾਂਤਾਂ ਲੱਗਾ ਰਹਿੰਦਾ ਸੀ ਅਤੇ ਹਰ ਸਮੇਂ ਹੱਥ ਵਿਚ ਸੁਰਮੰਡਲ ਲਈ ਉਹ ਸੁਰ-ਲਹਿਰੀ ਖਿਲਾਰਦੇ ਰਹਿੰਦੇ।

ਇਸਦੇ ਉਲਟ ਅਮੀਰ ਖਾਂ ਖਾਮੋਸ਼ ਸੁਭਾਅ, ਬਹੁਤ ਘੱਟ ਗੱਲ ਕਰਨ ਵਾਲੇ, ਭੀੜ ਤੋਂ ਹਮੇਸ਼ਾ ਅੱਡ, ਇਕਾਂਤ ਪ੍ਰੇਮੀ ਆਦਮੀ ਸਨ। ਕਿਸੇ ਬਾਹਰੀ ਆਦਮੀ ਦੇ ਸਾਹਮਣੇ ਉਹ ਸਿਰਫ ਮਹਿਫਲ ਵਿਚ ਹੀ ਗਾਉਣਾ ਪਸੰਦ ਕਰਦੇ ਸਨ। ਉਹਨਾਂ ਦਾ ਰਿਆਜ਼ ਬਿਲਕੁਲ ਨਿਜੀ ਮਾਮਲਾ ਸੀ। ਅਕਸਰ ਸ਼ਗਿਰਦ ਦੀ ਮੌਜੂਦਗੀ ਵੀ ਉਹਨਾਂ ਨੂੰ ਪਸੰਦ ਨਹੀਂ ਸੀ।

ਖਾਣੇ ਦੇ ਮਾਮਲੇ ਵਿਚ ਵੀ ਖਾਂ ਸਾਹਿਬ ਕਾਫੀ ਕੰਜੂਸੀ ਵਰਤਦੇ ਸਨ। ਪਰ ਖਾਣਾ ਬਣਾਉਣ ਦੇ ਬੇਹੱਦ ਸ਼ੌਕੀਨ ਸਨ। ਜਦੋਂ ਕਾਫੀ ਮੂਡ ਵਿਚ ਆਉਂਦੇ ਤਾਂ ਦੇਰ ਤਕ ਖਾਣਾ ਬਣਾਉਂਦੇ ਅਤੇ ਕਹਿੰਦੇ, "ਖਾਣਾ ਪਕਾਉਣਾ ਅਤੇ ਗਾਣਾ ਗਾਉਣਾ, ਦੋਹਾਂ ਵਿਚ ਹੀ ਸਬਰ ਦੀ ਜ਼ਰੂਰਤ ਹੈ।"

ਅਮੀਰ ਖਾਂ ਸਾਹਿਬ ਨੂੰ ਪਹਿਲਵਾਨੀ ਦਾ ਬਹੁਤ ਸ਼ੌਕ ਸੀ। ਤੇਜਪਾਲ ਜੀ (ਮੇਰੇ ਵੱਡੇ ਭਰਾ) ਨੂੰ ਫੜ ਕੇ ਜਾਮਾ ਮਸਜਿਦ ਖਲੀਫਾ ਚੰਦੂ ਦੇ ਅਖਾੜੇ ਵਿਚ ਪਹੁੰਚ ਜਾਂਦੇ ਅਤੇ ਬੈਠੇ-ਬੈਠੇ ਦਾਅ-ਪੇਚ ਵੇਖਦੇ। ਪੁਰਾਣੇ ਪਹਿਲਵਾਨਾਂ ਦੇ ਅਜਿਹੇ ਕਿੱਸੇ ਸੁਣਾਉਂਦੇ ਕਿ ਇਹ ਪਤਾ ਵੀ ਨਾ ਲਗਦਾ ਕਿ ਸਾਹਿਬ ਉਸਤਾਦ-ਏ-ਮਸ਼ਰਿਕ ਅਤੇ ਭਾਰਤ ਦੇ ਪਹਿਲੇ ਰਾਜ-ਗਾਇਕ ਹਨ।

ਇਕ ਦਿਨ ਖਲੀਫਾ ਚੰਦੂ ਦਾਅ ਦੱਸ ਰਹੇ ਸਨ ਕਿ ਉਸਤਾਦ ਨੇ ਕਿਹਾ, "ਨਹੀਂ ਖਲੀਫਾ, ਜ਼ਬਾਨ ਨਾਲ ਨਹੀਂ, ਜ਼ਰਾ ਹੱਥ ਨਾਲ ਵਿਖਾਓ।" ਉਹ ਹਾਜ਼ੀ ਬਾਬਾ ਵੀ ਖੜ੍ਹਾ ਹੋ ਗਿਆ ਅਤੇ ਮੈਨੂੰ ਉਠਾ ਕੇ, ਮੇਰੀ ਧੌਣ ਨੂੰ ਹੱਥ ਪਾ ਲਿਆ। ਮੇਰੇ ਹੋਸ਼-ਹਵਾਸ ਗੁੰਮ ਹੋ ਗਏ। ਖਾਂ ਸਾਹਿਬ ਹੱਸਣ ਲੱਗੇ, "ਉਏ ਡਰਦਾ ਕਿਉਂ ਹੈ?" ਮੇਰੀ ਧੌਣ ਖਲੀਫਾ ਦੇ ਹੱਥ ਵਿਚ ਸੀ, ਡਰਦਾ ਨਾ ਤਾਂ ਹੋਰ ਕੀ ਕਰਦਾ। ਖਲੀਫਾ ਨੇ ਵੀ ਹੌਂਸਲਾ ਦਿੱਤਾ, "ਉਹੋ ਬੇਟਾ, ਮੈਂ ਤਾਂ ਉਂਈਂ ਉਸਤਾਦ ਨੂੰ ਦਾਅ ਵਿਖਾ ਰਿਹਾ ਹਾਂ, ਤੈਨੂੰ ਪਟਕ ਥੋੜ੍ਹੋ ਰਿਹਾ ਹੈ।"

ਕਦੇ ਕਦੇ ਸੋਚਦਾ ਹਾਂ, ਜਿੰਨੀ ਦਾਦ ਇਹਨਾਂ ਦੋ ਮਹਾਨ ਗਾਇਕਾਂ ਨੂੰ ਮਿਲੀ ਕਿਸੇ ਹੋਰ ਨੂੰ ਮਿਲ ਜਾਂਦੀ ਤਾਂ ਦੀਵਾਨਾ ਹੋ ਜਾਂਦਾ। ਪਰ ਗ਼ੁਲਾਮ ਅਲੀ ਖਾਂ ਨੂੰ ਹਮੇਸ਼ਾ ਇਹ ਦੁਖ ਰਿਹਾ ਕਿ ਈਰਖਾਲੂਆਂ ਨੇ ਸਦਾ ਉਹਨਾਂ ਨੂੰ ਨੀਵਾਂ ਵਿਖਾਉਣ ਦੀ ਕੋਸ਼ਿਸ਼ ਕੀਤੀ।

ਇਕ ਦਿਨ ਬਹੁਤ ਗੁੱਸੇ ਸਨ। ਕਹਿਣ ਲੱਗੇ, "ਕਹਿੰਦੇ ਨੇ ਬਈ ਕੀ ਹੈ ਗ਼ੁਲਾਮ-ਅਲੀ, ਬਸ ਜ਼ਰਾ ਸੁਰ ਦਾ ਸਾਫ ਹੈ। ਮੈਂ ਕਹਿੰਦਾ ਹਾਂ...ਮੀਆਂ, ਤੁਹਾਨੂੰ ਕਿਸੇ ਨੇ ਰੋਕਿਆ ਹੈ। ਤੁਸੀਂ ਵੀ ਸੁਰ ਨੂੰ ਸਾਫ ਕਰ ਲਓ। ਪਰ ਬੇਟੇ, ਇਹ ਉਹਨਾਂ ਤੋਂ ਨਹੀਂ ਹੋਵੇਗਾ। ਕਿਉਂਕਿ ਸੁਰ ਵਿਚ ਹੋਣਾ ਸੁਰਮਾ ਹੋਣ ਦਾ ਕੰਮ ਹੈ। ਬਹੁਤ ਪੀਹਣਾ ਪੈਂਦਾ ਹੈ, ਤਾਂ ਹੀ ਸੂਖਮਤਾ ਆ ਸਕਦੀ ਹੈ।

ਅਮੀਰ ਖਾਂ ਸਾਹਿਬ ਨੂੰ ਲੋਕ 'ਵਿਦਵਾਨ ਗਾਇਕ' ਕਰਕੇ ਮੰਨਦੇ ਸਨ। ਪਰ ਉਹਨਾਂ ਨੂੰ ਵੀ ਇਹ ਦੁਖ ਸੀ ਕਿ ਜਨਤਾ ਉਹਨਾਂ ਦੇ ਸੰਗੀਤ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੀ। ਕਦੇ-ਕਦੇ ਸੋਚਦਾ ਹਾਂ ਜਦੋਂ ਲੋਕ ਅਮੀਰ ਖਾਂ ਨੂੰ (ਗਾਇਕ ਗਾਇਕ ਕਹਿੰਦੇ ਸਨ ਤਾਂ ਕੀ ਉਸਤਾਦ ਖੁਸ਼ ਹੁੰਦੇ ਸਨ ਜਾਂ ਦੁਖੀ, ਕਿਉਂਕਿ ਗੰਭੀਰ ਓਜ ਦੇ ਪਿੱਛੇ ਕਿਤੇ ਹੋਰ ਅਮੀਰ ਖਾਂ ਵੀ ਸੀ; ਜੋ ਆਮ ਸੰਗੀਤ ਸੁਣਨ ਵਾਲਿਆਂ ਦਾ ਪਿਆਰ ਚਾਹੁੰਦਾ ਸੀ।

ਪਿਛਲੇ ਸਾਲ ਮੇਰੇ ਘਰ ਪਾਕਿਸਤਾਨ ਦੇ ਉਸਤਾਦ ਸਲਾਮਤ ਅਲੀ ਆਏ। ਗੱਲਾਂ ਗੱਲਾਂ ਵਿਚ ਕਹਿਣ ਲੱਗੇ-"ਅਮੀਰ ਖਾਂ ਅਤੇ ਗ਼ੁਲਾਮ ਅਲੀ ਦੋ ਗਾਇਕ ਹੀ ਨਹੀਂ ਗੁਜ਼ਰੇ, ਦੋ ਯੁਗ ਖਤਮ ਹੋ ਗਏ ਹਨ। ਦੋਵੇਂ ਆਪਣੇ ਨਾਲ ਇਕ ਇਕ ਯੁੱਗ ਲੈ ਗਏ ਹਨ।"

**ਅਨੁ. ਪ੍ਰੋ: ਨਵਸੰਗੀਤ ਸਿੰਘ, ਗੁਰੂ ਕਾਂਸ਼ੀ ਕਾਲਜ, ਦਮਦਮਾ ਸਾਹਿਬ, ਮੋਬਾਇਲ : 09417692015**

# ਰਬਾਬ ਮੰਗਾਉਨ ਦਾ ਵਿਰਤਾਂਤ

## ਗਿ: ਦਿੱਤ ਸਿੰਘ

ਜਦ ਗੁਰੂ ਜੀ ਇਸੀ ਪ੍ਰਕਾਰ ਜੰਗਲ ਵਿਚ ਬੈਠੇ ਕਰਤਾਰ ਦੇ ਗੁਣ ਗਾਉਣ ਲੱਗੇ ਤਕ ਬਹੁਤ ਲੋਕ ਜੋ ਹਿੰਦੂ ਅਤੇ ਮੁਸਲਮਾਨ ਸੀ ਸੋ ਗੁਰੂ ਨੂੰ ਕੁਰਾਹੀਆਂ ਸੱਦਨ ਲੱਗੇ ਅਰ ਆਖਨ ਕਿ ਯਾਰੋ ਇਹ ਜਾਤ ਦਾ ਵੇਦੀ ਖੱਤ੍ਰੀ ਸੀ ਅਰ ਭਲਿਆਂ ਦਾ ਪੁਤ ਪੋਤਾ ਸੀ ਸੋ ਹੁਨ ਕੁਛ ਇਸਦੀ ਅਜਿਹੀ ਬੁਧ ਫਿਰ ਗਈ ਹੈ ਜੋ ਕਿਸੇ ਦੀ ਭੀ ਨਹੀਂ ਸੁਣਦਾ। ਹਿੰਦੂ ਅਤੇ ਮੁਸਲਮਾਨਾਂ ਨਾਲੋਂ ਵੱਖਰੀ ਹੀ ਚਾਲ ਹੈ ਅਰ ਇਕ ਡੂਮ ਜੋ ਘਰ ਦਾ ਹੀ ਮਿਰਾਸੀ ਸੀ ਸੋ ਸਾਥੀ ਬਣਾ ਲੀਤਾ ਹੈ, ਖਾਣਾ ਪਹਰਨਾ ਭੁਲਾ ਦਿੱਤਾ ਹੈ। ਇਸੇ ਤਰ੍ਹਾਂ ਦੀ ਚਰਚਾ ਘਰ ਘਰ ਵਿਚ ਹੋਣ ਲੱਗ ਪਈ।

ਓਧਰ ਤਾਂ ਲੋਗ ਇਸ ਤਰ੍ਹਾਂ ਆਖਦੇ ਸੇ ਅਤੇ ਏਧਰ ਗੁਰੂ ਨਾਨਕ ਜੀ ਕਰਤਾਰ ਦੇ ਰੰਗ ਵਿਚ ਰੱਤੇ ਹੋਏ ਮਰਦਾਨੇ ਨਾਲ ਨਿਤ ਨਵੇਂ ਥੋਂ ਨਵਾਂ ਸ਼ਬਦ ਅਕਾਲ ਪੁਰਖ ਦੀ ਪ੍ਰਾਰਥਨਾ ਦਾ ਗਾਉਂਦੇ ਸਨ ਅਰ ਸਦਾ ਉਸਦੀ ਮਸਤੀ ਵਿਚ ਮਗਨ ਰਹਿੰਦੇ ਸਨ। ਇਕ ਰੋਜ਼ ਆਖਨ ਲੱਗੇ ਕਿ ਮਰਦਾਨਿਆਂ ਕੁਝ ਸਾਜ਼ ਬਜਾਓ ਜੋ ਦਿਲ ਨੂੰ ਭਾਵੇ, ਤਦ ਮਰਦਾਨੇ ਆਖਿਆ ਕਿ ਜੀ ਆਪ ਦਾ ਕਿਹੜੇ ਸਾਜ਼ ਦੇ ਸੁਨਣ ਲਈ ਚਿੱਤ ਚਾਹੁੰਦਾ ਹੈ, ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਰਬਾਬ ਤੇ ਵਧਕੇ ਹੋਰ ਕਿਹੜਾ ਸਾਜ਼ ਹੈ ਜੋ ਅੱਛਾ ਆਖੀਏ, ਸੋ ਵਜਾਓ। ਜਿਸ ਨੂੰ ਸੁਣ ਕੇ ਮਰਦਾਨੇ ਕਿਹਾ ਜੀ ਮੇਰੇ ਪਾਸ ਤਾਂ ਨਹੀਂ ਜੋ ਬਜਾਵਾਂ ਜਿਸਨੂੰ ਸੁਣਕੇ ਬੋਲੇ ਕਿ ਭਾਈ ਨਗਰ ਵਿਚ ਜਾ ਕੇ ਕਿਸੇ ਕੋਲੋਂ ਮੰਗ ਲਿਆਓ। ਜੇ ਕੋਈ ਮੰਗਿਆਂ ਨਾ ਦੇਵੇ ਤਾਂ ਮੁੱਲ ਲੈ ਆਵੀਂ। ਫੇਰ ਮਰਦਾਨੇ ਕਿਹਾ ਕਿ ਜੀ ਮੇਰੇ ਪਾਸ ਤਾਂ ਧੇਲਾ ਭੀ ਨਹੀਂ ਹੈ। ਮੁੱਲ ਕਿੱਥੋਂ ਖਰਚ ਕਰਾਂ? ਇਸ ਪਰ ਗੁਰੂ ਜੀ ਬੋਲੇ, ਮਰਦਾਨਿਆਂ ਕਰਤਾਰ ਦਾ ਦਿੱਤਾ ਹੋਇਆ ਸਭ ਕੁਝ ਹੈ। ਐਡਾ ਉਦਾਸ ਨਾ ਹੁਹੁ, ਜਾਹ ਘਰ ਜਾ ਕੇ ਬੀਬੀ ਤੋਂ ਜਿਤਨੇ ਰੁਪਈਏ ਚਾਹੇ ਲੈ ਅਰ ਕੋਈ ਚੰਗਾ ਕਿਹਾ ਰਬਾਬ ਲੈ ਆਉ। ਇਹ ਸੁਣ ਕੇ ਮਰਦਾਨਾ ਬੀਬੀ ਪਾਸ ਆਇਆ ਪਰ ਰਬਾਬ ਲਈ ਕੁਝ ਰੁਪਏ ਮੰਗੇ। ਇਸ ਪਰ ਅੱਗੋਂ ਬੀਬੀ ਜੀ ਨੇ ਆਖਿਆ ਕਿ ਮਰਦਾਨਿਆ ਤੂੰ ਜਾ ਕੇ ਪਹਿਲਾ ਰਬਾਬ ਦੇਖ ਆਓਂ ਅਤੇ ਮੁਲ ਕਰਾਕੇ ਮੇਰੇ ਪਾਸ ਆਈਂ। ਜਿਤਨੇ ਰੁਪਏ ਨੂੰ ਚੁੱਕੇ ਮੈਥੋਂ ਲੈ ਜਾਈਂ। ਮਰਦਾਨਾ ਲੱਗਾ ਨਗਰ ਦੀ ਗਲੀ ਕੂਚੇ ਫਿਰਨ ਜਿਧਰ ਜਾਵੇ ਓਧਰੋਂ ਲੋਕ ਠੱਠਾ ਮਖੌਲ ਕਰਨ ਅਰ ਆਖਨ ਕਿ "ਕੁਰਾਹੀਏ ਦਾ ਡੂਮ ਆਇਆ ਹੈ।" ਨਾਲ ਕਈ ਬੁਰਾ ਬੋਲਣ ਤੇ ਕਈ ਮਿੱਟੀ ਚੁੱਕਕੇ ਉੱਤੇ ਸੁੱਟਣ। ਜੋ ਜਿਸਦੇ ਮਨ ਆਵੇ ਸੋ ਕਰੇ। ਇਸ ਤੇ ਮਰਦਾਨਾ ਤੰਗ ਆ ਗਿਆ ਪਰ ਆਖੇ ਕਿ ਇਹ ਤਾਂ ਅੱਛੀ ਹੋਣੀ ਲੱਗੀ ਹੈ, ਜੋ ਕੋਈ ਖੜਾ ਹੋਣ ਭੀ ਨਹੀਂ ਦਿੰਦਾ। ਬਹੁਤ ਤੰਗ ਹੋ ਕੇ ਪਿੱਛਾ ਮੁੜ ਆਇਆ ਅਰ ਮੂੰਹ ਬੁਰਾ ਜਿਹਾ ਕਰਕੇ ਆਨ ਬੈਠਾ ਜਿਸਦੇ ਉਦਾਸ ਚਿਹਰੇ ਨੂੰ ਦੇਖ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆਂ ਖਾਲੀ ਕਿਉਂ ਮੁੜਿਓਂ। ਤੈਨੂੰ ਤਾਂ ਰਬਾਬ ਲੈਣ ਲਈ ਭੇਜਿਆ ਸੀ, ਸੋ ਦਸ ਸੁੱਖ ਹੈ। ਇਸ ਬਾਤ ਨੂੰ ਸੁਣਕੇ ਮਰਦਾਨਾ ਆਖਨ ਲੱਗਾ ਕਿ ਜੀ ਸੁਖ ਕਾਹਦੀ ਹੈ, ਤੇਰੇ ਸੰਗ ਮੈਨੂੰ ਅੱਛਾ ਫਲ ਮਿਲਿਆ ਹੈ ਜੋ ਜਿਧਰ ਜਾਂਦਾ ਹੈ, ਓਧਰ ਲੋਕ ਅੱਗੋ ਸੌ ਸੌ ਸੁਣਾਉਂਦੇ ਹਨ ਅਰ ਤੈਨੂੰ ਕੁਰਾਹੀਆ ਆਖਦੇ ਹਨ ਅਰ ਮੈਨੂੰ ਦੇਖਦੇ ਆਖਦੇ ਹਨ ਕਿ ਕੁਰਾਹੀਏ ਦਾ ਡੂੰਮ ਹੈ। ਸੋ ਮੈਂ ਤਾਂ ਰਬਾਬ ਦੀ ਜਗ੍ਹਾ ਖਰਾਬ ਹੋ ਕੇ ਆ ਗਿਆ ਹਾਂ। ਅਰ ਤੇਰੇ ਪਿੱਛੇ ਮੇਰੀ ਭੀ ਇਹ ਗਤਿ ਹੋ ਰਹੀ ਹੈ। ਇਸ ਨੂੰ ਸੁਣ ਕੇ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਕੁਝ ਡਰ ਨਾ ਕਰ। ਇਹ ਲੋਕ ਐਵੇਂ ਝਖ ਮਾਰਦੇ ਹਨ। ਸੋ ਤੂੰ ਸੰਸਾਰ ਦਾ ਨਾ ਬਣ। ਤੈਨੂੰ ਮੈਂ ਕਰਤਾਰ ਦਾ ਬਣਾਇਆ ਹੈ।ਸੰਸਾਰ ਦਾ ਕੰਮ ਝੱਖ ਮਾਰਨੇ ਦਾ ਹੈ। ਪ੍ਰੰਤੂ ਪਰਮੇਸ਼ਰ ਦੇ ਪਿਆਰਿਆਂ ਦਾ ਇਸ ਤੇ ਕੁਝ ਨਹੀਂ

ਵਿਗੜਦਾ। ਕੁੱਤੇ ਵਾਂਗਰ ਭੌਂਕ ਕੇ ਆਪੇ ਹੀ ਚੁੱਪ ਕਰ ਜਾਏਗਾ। ਇਹ ਸੁਣ ਕੇ ਮਰਦਾਨੇ ਆਖਿਆ ਕਿ ਜੀ ਤੇਰੀਆਂ ਤੂੰਹੇ ਜਾਣੇ ਮੈਨੂੰ ਇਹ ਗੱਲ ਦੀ ਕਿਆ ਸਾਰ ਹੈ ਜੋ ਤੂੰ ਪਿਆ ਆਖਦਾ ਹੈ। ਇਸੀ ਤਰ੍ਹਾਂ ਕਰਦਿਆਂ ਜਦ ਕੁਝ ਦਿਨ ਬੀਤੇ ਤਾਂ ਮਰਦਾਨੇ ਨੂੰ ਆਖਿਆ ਕਿ ਮਰਦਾਨਿਆਂ ਐਥੋਂ ਦੇ ਲੋਕ ਤਾਂ ਤੈਨੂੰ ਰਬਾਬ ਨਹੀਂ ਦੇਂਦੇ ਸੋ ਸਤਲੁਜ ਅਤੇ ਬਿਆਸ ਦੇ ਵਿਚਕਾਰ ਜੱਟਾਂ ਦਾ ਪਿੰਡ ਹੈ। ਓਥੇ ਇਕ ਫਰਹਿੰਦਾ ਨਾਮੇ ਰਬਾਬੀ ਰਹਿੰਦਾ ਹੈ, ਸੋ ਤੂੰ ਜਾ ਕੇ ਉਸ ਤੋਂ ਰਬਾਬ ਮੰਗੀਂ। ਉਹ ਤੈਨੂੰ ਦੇ ਦੇਵੇਗਾ ਅਰ ਘਰੋਂ ਜਾ ਕੇ ਬੀਬੀ ਨਾਨਕੀ ਤੇ ਸੱਤ ਰੁਪਏ ਲੈ ਜਾਈਂ ਜੋ ਉਸਨੂੰ ਰਬਾਬ ਦਾ ਮੁੱਲ ਦੇ ਦੇਵੀਂ। ਇਸ ਗੱਲ ਨੂੰ ਮੰਨ ਕੇ ਮਰਦਾਨਾ ਬੀਬੀ ਪਾਸ ਗਿਆ ਅਰ ਸੱਤ ਰੁਪਏ ਮੰਗੇ। ਉਸਨੇ ਆਖਿਆ ਕਿ ਭਾਈ ਮਰਦਾਨਾ ਜਿਤਨੇ ਲੋੜੀਂਦੇ ਹਨ ਉਤਨੇ ਲੈ ਜਾਹ ਪਰ ਮਰਦਾਨੇ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਸੱਤੇ ਲੈ ਕੇ ਆਪਨਾ ਰਸਤਾ ਲੀਤਾ। ਜਦ ਜਾਂਦਾ ਜਾਂਦਾ ਉਹ ਨਗਰ ਪਹੁੰਚਾ ਅਤੇ ਉਸ ਦਾ ਪਤਾ ਪੁੱਛਨ ਲੱਗਾ ਤਦ ਕੋਈ ਠੀਕ ਨਾ ਦੱਸੇ। ਦੋ ਦਿਨ ਓਥੇ ਖੁਆਰ ਹੋ ਕੇ ਜਦ ਤੀਜੇ ਦਿਨ ਪਿਛਾਹਾਂ ਮੁੜਨ ਲੱਗਾ ਤਾਂ ਅੱਗੇ ਕਿਆ ਦੇਖਦਾ ਹੈ ਜੋ ਕਛ ਵਿਚ ਰਬਾਬ ਲੀਤਾ ਹੋਇਆ ਇਕ ਆਦਮੀ ਅੱਗੋਂ ਆਉਂਦਾ ਹੈ। ਉਸਨੇ ਆ ਕੇ ਮਰਦਾਨੇ ਨੂੰ ਪੁੱਛਿਆ ਭਾਈ ਤੂੰ ਕਿਧਰੋਂ ਆਇਆ ਹੈਂ ਅਰ ਕਿਸ ਨੂੰ ਪੁੱਛਦਾ ਹੈ। ਇਸ ਗੱਲ ਨੂੰ ਸੁਣ ਕੇ ਮਰਦਾਨੇ ਨੇ ਆਪਣਾ ਅਗਲਾ ਪਿਛਲਾ ਸਾਰਾ ਹਾਲ ਸੁਣਾਇਆ ਕਿ ਮੈਂ ਰਾਇ ਭੋਏ ਦੀ ਤਲਵੰਡੀ ਤੇ ਰਹਿਣ ਵਾਲਾ ਹਾਂ ਅਰ ਮੇਰਾ ਨਾਉਂ ਮਰਦਾਨਾ ਹੈ। ਜਾਤ ਦਾ ਮਿਰਾਸੀ ਹਾਂ ਪਰੰਤੂ ਅੱਜ ਕਲ ਮੈਂ ਨਾਨਕ ਪਾਸ ਰਹਿੰਦਾ ਹਾਂ। ਜੇ ਕੋਈ ਬੇਦੀ ਖਤ੍ਰੀ ਸੀ, ਪਰ ਹੁਣ ਸਾਧਾਂ ਵਾਲੀ ਬਿਰਤੀ ਵਿਚ ਹੋ ਗਿਆ ਹੈ। ਉਸ ਨੂੰ ਪਰਮੇਸ਼ਰ ਪਾਸੇ ਦੀ ਲਿਵ ਲੱਗੀ ਰਹਿੰਦੀ ਹੈ ਅਰ ਅਪਨੇ ਮੁੱਖੋਂ ਅਗੰਮ ਦੀ ਬਾਣੀ ਉਚਰਦਾ ਹੈ ਜਿਸ ਨੂੰ ਉਹ ਆਪਨੇ ਮੂੰਹੋਂ ਮੈਨੂੰ ਸਖਾਉਂਦਾ ਹੈ। ਇਸ ਵਾਸਤੇ ਉਸ ਨੇ ਤੇਰੇ ਪਾਸ ਰਬਾਬ ਲਈ ਭੇਜਿਆ ਹੈ।ਇਸ ਬਾਤ ਨੂੰ ਸੁਣਕੇ ਫਰਹਿੰਦੇ ਨੇ ਰਬਾਬ ਮਰਦਾਨੇ ਦੇ ਹੱਥ ਫੜਾਇਆ ਕਿ ਚੱਲ ਭਾਈ ਮਰਦਾਨਿਆਂ ਅਸੀਂ ਭੀ ਓਸ ਪੁੱਜੇ ਹੋਏ ਪੁਰਖ ਦਾ ਦਰਸ਼ਨ ਕਰ ਆਈਏ। ਇਹ ਸੁਣਕੇ ਮਰਦਾਨੇ ਨੇ ਕਿਹਾ ਜੀ ਏ ਤੁਹਾਡੀ ਇੱਛਾ ਹੈ ਪਰ ਇਹ ਸੱਤ ਰੁਪਈਏ ਜੋ ਇਸ ਰਬਾਬ ਦਾ ਮੁੱਲ ਹੈ ਲੈ ਲਵੋ। ਇਸ ਗੱਲ ਨੂੰ ਸੁਣਦਿਆਂ ਫਰਹਿੰਦੇ ਨੇ ਕਿਹਾ ਕਿ ਭਾਈ ਮਰਦਾਨਾ, ਇਸ ਰਬਾਬ ਦਾ ਮੁੱਲ ਤਾਂ ਕੋਈ ਨਹੀਂ ਹੈ ਕਿਉਂਕਿ ਇਸਦਾ ਭੀ ਉਸੀ ਦੇ ਨਾਲ ਕੁਝ ਪੁਰਾਣਾ ਸੰਬੰਧ ਹੈ, ਜਿਸਤੇ ਇਹ ਉਸਨੇ ਯਾਦ ਕੀਤਾ ਹੈ। ਇਤਨੀ ਸੁਣ ਕੇ ਮਰਦਾਨਾ ਚੁੱਪ ਰਿਹਾ ਅਰ ਦੋਨੋਂ ਚਲ ਪਏ। ਜਦ ਤੀਜੇ ਦਿਨ ਗੁਰੂ ਪਾਸ ਪੁੱਜੇ ਅਤੇ ਪੈਰਾਂ ਤੇ ਮੱਥਾ ਟੇਕ ਕੇ ਬੈਠ ਗਏ ਗੁਰੂ ਜੀ ਨੇ ਮਰਦਾਨੇ ਅਤੇ ਫਰਹਿੰਦਾ ਚਰਨਾ ਤੇ ਡਿੱਗਾ ਅਰ ਆਖਨ ਲੱਗਾ ਕਿ ਜੀ ਜੇਹਾ ਤੂੰ ਸੁਨੀਂਦਾ ਸੀ ਓਹੋ ਜਿਹਾ ਅਖੀ ਡਿੱਠਾ ਹੈ। ਕੁਝ ਦਿਨ ਗਏ ਪਿੱਛੋਂ ਫਰਹਿੰਦਾ ਆਪਣੇ ਵਤਨ ਨੂੰ ਮੁੜ ਗਿਆ। ਪਿੱਛੋਂ ਮਰਦਾਨਾ ਲੱਗਾ ਰਬਾਬ ਨੂੰ ਸੁਰ ਕਰਨ। ਪਰੰਤੂ ਉਹ ਜਿਉਂ ਜਿਉਂ ਸੁਰ ਕਰੇ ਤਿਉਂ ਤਿਉਂ ਰਬਾਬ ਬੇਸੁਰਾ ਹੁੰਦਾ ਜਾਏ। ਜਿਸ ਪਰ ਗੁਰੂ ਜੀ ਨੇ ਆਖਿਆ ਕਿ ਮਰਦਾਨਿਆ ਨਵਾਂ ਰਬਾਬ ਬਜਾਓ ਅਰ ਕਰਤਾਰ ਦੇ ਗੁਣ ਗਾਓ। ਇਸ ਨੂੰ ਸੁਣ ਕੇ ਆਖਨ ਲੱਗਾ ਕਿ ਜੀ ਮੈਂ ਇਸ ਨੂੰ ਠੀਕ ਕਰ ਲੇਵਾਂ ਜੋ ਠਾਟ ਚੰਗਾ ਬਣ ਜਾਏ, ਇਸ ਪਰ ਗੁਰੂ ਜੀ ਨੇ ਕਿਹਾ ਭੋਲਿਆ ਤੇਰਾ ਕੰਮ ਠਾਟ ਕਰਨ ਦਾ ਨਹੀਂ ਹੈ। ਤੇਰਾ ਤਾਂ ਬਜਾਉਣ ਦਾ ਕੰਮ ਹੈ। ਸੋ ਤੂੰ ਬਜਾਓ। ਠਾਟ ਕਰਤਾਰ ਕਰਨੇ ਵਾਲਾ ਹੈ, ਸੋ ਆਪ ਹੀ ਕਰੇਗਾ। ਇਸ ਬਾਤ ਨੂੰ ਸੁਣਕੇ ਮਰਦਾਨਾ ਬਜਾਉਣ ਲੱਗਾ ਜਿਸ ਪਰ ਰਬਾਬ ਦਾ ਅਜਿਹਾ ਠਾਟ ਬਨਿਆ ਜੋ ਉਸਦੀ ਮਧਰ ਧੁਨਿ ਨੂੰ ਸੁਣਕੇ ਜੰਗਲ ਦੇ ਮ੍ਰਿਗ ਭੀ ਮਸਤ ਹੋ ਗਏ ਅਰ ਗੁਰੂ ਜੀ ਨੂੰ ਜੋ ਬਾਣੀ ਆਈ ਸੋਈ ਮਰਦਾਨੇ ਨੇ ਉਸ ਵਿਚ ਸੁੰਦਰ ਸੁਰ ਨਾਲ ਗਾਈ।

(ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਵਿਚੋਂ)


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਮਾਂ ਦੀ ਜ਼ਿੰਮੇਵਾਰੀ

## ਅੱਛਰ ਸਿੰਘ, ਮੁੰਬਈ

ਸੁਣੋ ! ਸੁਣੋ !! ਧਿਆਨ ਨਾਲ ਸੁਣੋ !!! ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਫਤਵਾ

ਜਿਹੜੀ ਮਾਂ ਆਪਣੇ ਬਚਿੱਆਂ ਨੂੰ ਰੱਬ ਦੀ ਬੰਦਗੀ ਵੱਲ ਨਹੀਂ ਲਾ ਸਕਦੀ, ਉਸ ਨੂੰ ਬੱਚੇ ਜੰਮਣ ਦਾ ਕੋਈ ਹੱਕ ਨਹੀਂ॥

ਸ੍ਰੀ ਗੁਰੂ ਰਾਮਦਾਸ ਜੀ ਜੈਤਸਰੀ ਮਹਲਾ ੪ (ਅੰਗ ੬੯੭)

ਜਿਨ ਹਰਿ ਹਿਰਦੈ ਨਾਮ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥

ਤਿੰਨ ਸੁੰਞੀ ਦੇਹ ਫਿਰਹਿ ਬਿਨ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥

ਅਰਥ : ਜਿੰਨ੍ਹਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਨਹੀਂ ਵਸਿਆ, ਹੇ ਹਰੀ! ਉਸ ਦੀ ਮਾਂ ਨੂੰ ਬਾਂਝ ਕਰ ਦਿਉ। (ਭਾਵ ਅਗੋਂ ਉਹ ਕੋਈ ਬੱਚਾ ਨਾ ਜੰਮ ਸਕੇ) ਉਸ ਨਾਮ ਹੀਨ ਮਨਮੁੱਖ ਦੀ ਕਾਇਆ ਨਾਮ ਤੋਂ ਬਿਨਾਂ ਖਾਲੀ ਰਹਿੰਦੀ ਹੈ। ਉਹ ਨਾਮ ਤੋਂ ਬਿਨਾ ਭਟਕਦੇ ਰਹਿੰਦੇ ਹਨ ਅਤੇ ਦੁੱਖ ਵਿਚ ਖਿਝ ਖਿਝ ਕੇ ਖਪ ਖਪ ਕੇ ਮਰਦੇ ਹਨ ॥੧॥

ਸ੍ਰੀ ਗੁਰੂ ਰਾਮਦਾਸ ਜੀ ਰਾਗ ਮਲਾਰ ਮਹਲਾ ੪ ਘਰੁ ੧ ਚਉਪਦੇ ੧ੴ ਸਤਿਗੁਰ ਪ੍ਰਸਾਦਿ (ਅੰਗ ੧੨੬੨-੩)

ਅਨਦਿਨੁ ਹਰਿ ਹਰਿ ਧਿਆਇਓ ਹਿਰਦੈ------------------------॥੧॥ ਰਹਾਉ

ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ ।

ਹਰਿ ਤਿਸ ਕੈ ਕੁਲਿ ਪਰਸੂਤਿ ਨ ਕਰੀਅਹੁ ਤਿਸ ਬਿਧਵਾ ਕਰਿ ਮਹਤਾਰੀ ॥੨॥

ਅਰਥ : ਜਿਸ ਮਨੁੱਖ ਨੇ ਇਹੋ ਜਿਹੇ ਹਰੀ ਦਾ ਨਾਮ ਵਿਸਾਰ ਦਿੱਤਾ ਹੈ, ਉਸ ਦੀ ਕੁਲ ਵਿਚ ਗਾਲ੍ਹ ਲਗਦੀ ਹੈ ਭਾਵ ਬਦਨਾਮੀ ਹੁੰਦੀ ਹੈ। ਹੇ ਹਰੀ! ਉਸ ਮਨੁੱਖ ਦੀ ਕੁਲ ਵਿਚ ਅੱਗੇ ਤੋਂ ਕਿਸੀ ਇਸਤਰੀ ਨੂੰ ਪਰਸੂਤ ਨ ਕਰੀਂ ਭਾਵ ਬੱਚੇ ਨੂੰ ਜਨਮ ਨਾ ਦੇਵੀਂ। ਉਸ ਦੀ ਮਾਂ ਨੂੰ ਹੀ ਵਿਧਵਾ ਕਰ ਦੇ ਤਾਂ ਜੋ ਉਹ ਕੋਈ ਹੋਰ ਬੱਚਾ ਜੰਮ ਹੀ ਨਾ ਸਕੇ ॥੨॥

ਭਗਤ ਕਬੀਰ ਜੀ ਗਉੜੀ ਕਬੀਰ ਜੀ (ਅੰਗ ੩੨੮)

ਜਿਹ ਕੁਲਿ ਪੂਤ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥੧॥

ਜਿਹ ਨਰ ਰਾਮ ਭਗਤਿ ਨਹਿ ਸਾਧੀ ॥ ਜਨਮਤ ਕਸ ਨ ਮੁਓ ਅਪਰਾਧੀ ॥੧॥ਰਹਾਉ॥

ਮੁਚ ਮੁਚੁ ਗਰਭ ਗਏ ਕੀਨ ਬਚਿਆ ॥ ਬੁਡਭੁਜ ਰੂਪ ਜੀਵੈ ਜਗਿ ਮਚਿਆ ॥੨॥

ਕਹੁ ਕਬੀਰ ਜੈਸੇ ਸੁੰਦਰ ਸਰੂਪ ॥ ਨਾਮ ਬਿਨਾ ਜੈਸੇ ਕੁਬਜ ਕਰੂਪ ॥੩॥੨੫॥

ਅਰਥ : ਜਿਸ ਕੁਲ ਵਿਚ ਗਿਆਨ ਦੇ ਵਿਚਾਰ ਵਾਲਾ ਭਾਵ ਨਾਮ ਅਭਿਆਸੀ ਪੁੱਤਰ ਨਹੀਂ

ਹੋਇਆ, ਉਸ ਦੀ ਮਾਂ ਵਿਧਵਾ ਕਿਉਂ ਨਾ ਹੋ ਗਈ ॥੧॥

ਜਿਸ ਮਨੁੱਖ ਨੇ ਰਾਮ ਦੀ ਭਗਤੀ ਨਹੀ਼ ਕੀਤੀ, ਉਹ ਅਪਰਾਧੀ ਜੰਮਦਿਆਂ ਹੀ ਕਿਉਂ ਨਾ ਮਰ ਗਿਆ ॥੧॥ ਰਹਾਉ॥

ਕਈ ਗਰਭ ਡਿਗ ਡਿਗ ਪਏ। ਪਰ ਇਹ ਭਗਤੀ ਹੀਣਾ ਮਨੁੱਖ ਕਿਉਂ ਬਚ ਗਿਆ॥ ਅਜਿਹਾ ਮਨੁੱਖ ਮਾਨੋ ਜਗ ਵਿਚ ਗੰਦਗੀ ਖਾਣ ਵਾਲੇ ਸੂਰ ਦੀ ਨਿਆਈ ਜਿਉਂ ਰਹਿਆ ਹੈ॥੨॥

ਕਬੀਰ ਜੀ ਕਹਿੰਦੇ ਹਨ ਕਿ ਵੇਖਣ ਵਿਚ ਮਨੁੱਖ ਭਾਵੇਂ ਕਿੰਨਾ ਸੁੰਦਰ ਸਰੂਪ ਹੋਵੇ ਪਰ ਨਾਮ ਤੋਂ ਬਿਨਾਂ ਉਹ ਇਸ ਤਰ੍ਹਾਂ ਜਾਣੋ ਜਿਵੇਂ ਕੁੱਬਾ ਤੇ ਬਦਸੂਰਤ ਮਨੁੱਖ ਹੈ ॥੩॥

ਅੱਗੇ ਦੋ ਪ੍ਰਮਾਣ ਹੋਰ ਦਿੱਤੇ ਜਾ ਰਹੇ ਹਨ, ਜਿਨ੍ਹਾਂ ਨੂੰ ਉਪੱਰ ਦਿੱਤੇ ਗੁਰਬਾਣੀ ਦੇ ਸ਼ਬਦਾਂ ਦੀ ਵਿਆਖਿਆ ਹੀ ਕਿਹਾ ਜਾ ਸਕਦਾ ਹੈ।

ਇਕ ਪ੍ਰਚਲਤ ਦੋਹਿਰਾ

(ਕਈ ਇਸ ਨੂੰ ਸੁਆਮੀ ਤੁਲਸੀ ਦਾਸ ਦਾ ਦਸੱਦੇ ਹਨ।)

ਜਨਨੀ ਜਨੇ ਤਉ ਭਗਤ ਜਨ ਕੈ ਦਾਤਾ ਕੈ ਸੂਰ ॥<br>
ਨਹੀਂ ਤਾਂ ਜਨਨੀ ਬਾਝ ਰਹੁ, ਕਾਹਿ ਗਵਾਵੈ ਨੂਰ ॥

ਪੰਚ ਤੰਤਰ ਦਾ ਇਕ ਬਚਨ

(ਸੰਸਕ੍ਰਿਤ ਸਲੋਕ ਦਾ ਪੰਜਾਬੀ ਰੂਪ)

ਤਿੰਨ ਪੁੱਤ ਮਨੁੱਖ ਦੇ, ਇਕ ਅਣਜੰਮਿਆ ਜਾਣ ॥<br>
ਦੂਜਾ ਪੈਦਾ ਹੋ ਮਰੇ, ਤੀਜਾ ਮੂੜ੍ਹ ਪਛਾਣ ॥<br>
ਅਣਜੰਮੇ ਤੇ ਮੋਏ ਦਾ ਦੁੱਖ ਹੋਵੈ ਇਕ ਵਾਰ ॥<br>
ਮੂਰਖ ਦਾ ਤਾਂ ਹਰ ਘੜੀ ਰਹਿੰਦਾ ਦਿਲ ਨੂੰ ਸਾੜ ॥<br>
ਸੂਰਬੀਰ, ਦਾਨੀ, ਗੁਣੀ, ਜੇਕਰ ਜਣਨਾ ਹੋਇ ॥<br>
ਨਾਰੀ ਜੰਮੈ ਨਹੀਂ ਤਾਂ ਸੰਢ ਚੰਗੇਰੀ ਸੋਇ ॥

ਉਪਰਲੇ ਬਚਨ ਬਹੁਤ ਕੌੜੇ ਹਨ,ਜਿਵੇਂ ਜਿਸ ਪ੍ਰਾਣੀ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਵਸਿਆ, ਉਸ ਦੀ ਮਾਂ ਬਾਂਝ ਹੋ ਜਾਵੇ। ਜਾਂ ਜਿਸ ਪ੍ਰਾਣੀ ਨੇ ਨਾਮ ਵਿਸਾਰ ਦਿੱਤਾ ਹੈ, ਉਸ ਦੀ ਕੁਲ ਵਿਚ ਕਿਸੇ ਇਸਤਰੀ ਨੂੰ ਪ੍ਰਸੂਤ ਹੀ ਨਾ ਕਰੀ, ਭਾਵ ਉਸ ਦੇ ਘਰ ਬੱਚਾ ਹੀ ਨਾ ਜਨਮੇ, ਅਤੇ ਉਹ ਔਰਤ ਕਿਸੇ ਹੋਰ ਬੱਚੇ ਨੂੰ ਜੰਮ ਹੀ ਨਾ ਸਕੇ ਇਸ ਕਰਕੇ ਉਸ ਨੂੰ ਵਿਧਵਾ ਕਰ ਦੇਉ।

ਮਾਂ ਨੂੰ ਕੀ ਪਤਾ ਕਿ ਉਸ ਦੀ ਕੁੱਖੋਂ ਜਨਮ ਲੈਣ ਵਾਲਾ ਬੱਚਾ ਮਨਮੁੱਖ ਹੈ ਕਿ ਗੁਰਮੁੱਖ। ਜੇ ਪਤਾ ਲਗ ਹੀ ਜਾਵੇ ਕਿ ਜਨਮ ਲੈਣ ਵਾਲਾ ਬੱਚਾ ਮਨਮੁੱਖ ਹੈ ਤਾਂ ਕਿ ਉਸ ਨੂੰ ਜੰਮਦੇ ਨੂੰ ਹੀ ਮਾਰ ਦੇਵੇ ? ਜਿਵੇਂ ਕਬੀਰ ਜੀ ਕਹਿੰਦੇ ਹਨ ਕਿ ਅਪਰਾਧੀ (ਮਨਮੁੱਖ) ਜੰਮਦਾ ਹੀ ਕਿਉਂ ਨਾ ਮਰ ਗਿਆ ? ਅਸਲ ਗੱਲ ਇਹ ਹਨ, ਬੱਚਾ ਮਨਮੁੱਖ ਨਿਕਲਿਆ, ਇਸ ਦਾ ਜੁੰਮੇਵਾਰ ਗੁਰੂ ਸਾਹਿਬ ਮਾਂ ਨੂੰ ਮੰਨਦੇ ਹਨ। ਕਿਉਂਕਿ ਜਦੋਂ ਬੱਚੇ ਨੂੰ ਸਿਖਿਆ ਦੇਣ ਦਾ ਸਮਾਂ ਸੀ, ਉਦੋਂ ਦਿੱਤੀ ਨਹੀਂ।

ਭਗਤ , ਸੂਰਮੇ ਅਤੇ ਦਾਨੀ ਵਾਲੇ ਵਿਸ਼ੇਸ਼ ਗੁਣ ਜੇ ਕਿਸੇ ਮਨੁੱਖ ਵਿਚ ਨਹੀਂ ਹਨ, ਤਾਂ ਬਾਂਝ ਜਾਂ ਵਿਧਵਾ ਸ਼ਬਦ

ਇਕ ਪ੍ਰਕਾਰ ਉਸ ਦੀ ਮਾਂ ਦੀ ਨਿਰਾਦਰੀ ਦੇ ਸੂਚਕ ਹਨ ਅਤੇ ਇਨ੍ਹਾਂ ਗੁਣਾਂ ਤੋਂ ਸੱਖਣੇ ਦੀ ਮਾਂ ਨੂੰ ਗਾਲ੍ਹ ਹਨ। ਗਰਭ ਅਵਸਥਾ ਦਾ ਸਮਾਂ ਮਾਂ ਵਾਸਤੇ ਇਕ ਤਰ੍ਹਾਂ ਦਾ ਤਪਸਿੱਆ ਕਾਲ ਕਿਹਾ ਜਾ ਸਕਦਾ ਹੈ। ਜਿਸ ਦੀ ਮਹੱਤਤਾ ਕੋਈ ਵਿਰਲੀ ਬਿਬੇਕੀ ਮਾਂ ਹੀ ਜਾਣਦੀ ਹੈ। ਇਸ ਦੀ ਯੋਗ ਵਰਤੋਂ ਕਿਵੇਂ ਹੋਵੇ, ਵੇਰਵਾ ਅੱਗੇ ਆਵੇਗਾ।

ਗਰਭ ਠਹਿਰਨ ਸਮੇਂ, ਗਰਭ ਸਮੇ਼ ਦੇ ਦਰਮਿਆਨ ਅਤੇ ਜਨਮ ਤੋਂ ਬਾਦ ਬੱਚੇ ਤੇ ਪੈਂਦੇ ਪ੍ਰਭਾਵ:-

1. ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਮਾਲਵੇ ਵਿਚ ਸਿੱਧੂ ਗੋਤ ਵਿਚ ਜੈਦ ਪੁਰਾਦਾ ਨਾਮ ਦਾ ਵਿਅਕਤੀ ਪਾਂਡੂ ਪੁੱਤਰ ਅਰਜਨ, ਭੀਮ ਵਾਂਗੂ ਇਕ ਬਹੁਤ ਬਲੀ ਯੋਧਾ ਹੋਇਆ ਹੈ। ਉਸ ਬਾਰੇ ਗਿਆਨੀ ਗਿਆਨ ਸਿੰਘ ਜੀ ਤਵਾਰੀਖ ਗੁਰੂ ਖਾਲਸਾ ਭਾਗ ਪਹਿਲਾ (ਭਾਸ਼ਾ ਵਿਭਾਗ,ਪੰਜਾਬ) ਦੇ ਪੰਨਾ 526 ਤੇ ਫੁਟ ਨੋਟ ਵਿਚ ਏਦਾਂ ਲਿਖਦੇ ਹਨ, "ਜੈਦ ਵਿਚ ਐਡੀ ਵੱਡੀ ਤਾਕਤ ਹੋਣ ਦਾ ਕਾਰਨ ਐਉਂ ਸੁਣਿਆ ਹੈ ਕਿ ਉਸ ਦੀ ਮਾਂ 25 ਬਰਸ਼ਾਂ ਦੀ ਮੁਕਲਾਵੇ ਆਈ। ਬਾਪ ਵੀ ਜੁਆਨ ਸੀ। ਉਹਨਾਂ ਦੇ ਇਕੱਠੇ ਹੋਣ ਦਾ ਪਹਿਲਾ ਹੀ ਦਿਨ ਸੀ। ਗਰਭ ਰਹਿ ਗਿਆ। ਦਿਨ ਚੜ੍ਹੇ ਉਹ ਉੱਠੀ ਤਾਂ ਸਾਹਮਣੇ ਸੂਰਜ ਦੇ ਅਤੇ ਜਲ ਕਿਨਾਰੇ ਸ਼ੇਰ ਦੇ ਦਰਸ਼ਨ ਹੋਏ। ਉਨ੍ਹਾਂ ਦਾ ਤੇਜ, ਬਲ, ਬੀਰਜ ਜੈਦ ਵਿਚ ਆਉਂਣੇ ਕਰ ਇਹੋ ਅਜਿਹਾ ਬਹਾਦਰ ਬਲੀ ਹੋਇਆ। ਅਨੇਕ ਜੰਗ ਜਿੱਤੇ। ਕਿਤੋਂ ਨਾ ਹਾਰਿਆ। ਦੋ ਵਾਰੀ ਸ਼ਾਹੀ ਫੌਜ ਨੂੰ ਵੀ ਇਸ ਨੇ ਹਾਰ ਦਿੱਤੀ। ਆਪਣੀਆਂ ਭੁਜਾਂ ਦੇ ਜੋਰ ਪ੍ਰਤਾਪ ਨਾਲ ਸਾਰੇ ਦੇਸ਼ ਵਿਚ ਉੱਘਾ ਤੇ ਚੁਰਾਸੀ ਪਿੰਡਾਂ ਦਾ ਮਾਲਗੁਜਾਰ ਸਰਦਾਰ ਬਣ ਗਿਆ। ਉਸ ਦੀ ਉਲਾਦ ਹੁਣ ਭੇਖੜੀ ਪਿੰਡ ਹੈ।

2. ਮੈਂ ਪੰਜਵੀ ਜਾਂ ਛੇਵੀਂ ਜਮਾਤ ਵਿਚ ਪੜ੍ਹਦਾ ਹੋਵਾਂਗਾ। 1949 ਜਾਂ 50 ਦੀ ਗੱਲ ਹੈ। ਸਾਡੇ ਅਧਿਆਪਕ ਨੇ ਦਸਿੱਆ ਕਿ ਇੰਗਲੈਂਡ ਵਿਚ ਇਕ ਅੰਗਰੇਜ ਦੰਪਤੀ ਦੇ ਘਰ ਨੀਗਰੋ ਵਰਗੇ ਕਾਲੇ ਬੱਚੇ ਨੇ ਜਨਮ ਲਿਆ। ਪਤੀ ਪਤਨੀ ਦੀ ਵਫਾਦਾਰੀ ਤੇ ਸ਼ਕ ਕਰਨ ਲੱਗਾ। ਪਰੰਤੂ ਪੜਤਾਲ ਕਰਨ ਤੋਂ ਬਾਦ੍ਹ ਪਤਾ ਲਗਾ ਕਿ ਗਰਭ ਦੇ ਸਮੇਂ ਜਿਸ ਕਮਰੇ ਵਿਚ ਪਤਨੀ ਰਹਿੰਦੀ ਸੀ, ਉਸ ਕਮਰੇ ਦੀ ਇਕ ਦੀਵਾਰ ਤੇ ਇਕ ਨੀਗਰੋ ਦੀ ਫੋਟੋ ਟੰਗੀ ਹੋਈ ਸੀ, ਗਰਭ ਅਵਸਥਾ ਦੇ ਸਮੇਂ ਪਤਨੀ ਅਕਸਰ ਉਸ ਫੋਟੋ ਨੂੰ ਵੇਖਦੀ ਰਹਿੰਦੀ ਸੀ, ਜਿਸ ਦਾ ਅਸਰ ਗਰਭ ਵਿਚਲੇ ਬੱਚੇ ਤੇ ਪਿਆ।

3. ਪ੍ਰਹਿਲਾਦ ਰਾਖਸ਼ਸ਼ ਦਾ ਪੁੱਤਰ ਸੀ। ਪੁਰਾਣ ਸ਼ਾਸਤਰਾਂ ਵਿਚ ਲਿਖਿਆ ਹੈ ਕਿ ਜਿਸ ਵੇਲੇ ਹਰਣਾਖਸ਼ ਤਪ ਕਰਨ ਗਿਆ, ਇਸ ਦੀ ਪਤਨੀ ਨੂੰ ਗਰਭ ਠਹਿਰਿਆ ਹੋਇਆ ਸੀ ਅਤੇ ਇਕ ਰਿਸ਼ੀ ਦੇ ਆਸ਼ਰਮ ਵਿਚ ਰਹੀ ਸੀ। ਰਿਸ਼ੀਆਂ ਮੁਨੀਆਂ ਦੀ ਸੰਗਤ ਦਾ ਪ੍ਰਭਾਵ ਗਰਭ ਵਿਚਲੇ ਬੱਚੇ ਤੇ ਪਿਆ ਅਤੇ ਜਨਮ ਤੋਂ ਬਾਦ੍ਹ ਪ੍ਰਹਿਲਾਦ ਭਗਤ ਹੋਇਆ। ਭਾਈ ਗੁਰਦਾਸ ਜੀ ਦਾ ਕਥਨ, "ਘਰਿ ਹਰਣਾਖਸ਼ ਦੈਂਤ ਦੇ ਕਲਰਿ ਕੰਵਲੁ ਭਗਤ ਪ੍ਰਹਿਲਾਦ।" ਹਰਣਾਖਸ਼ ਦੈਂਤ ਦੇ ਘਰ ਪ੍ਰਹਿਲਾਦ ਭਗਤ ਦਾ ਜਨਮ ਮਾਨੋ ਕਲਰ ਮਾਰੀ ਜਮੀਨ ਵਿਚ ਕੰਵਲ ਫੁਲ ਪੈਦਾ ਹੋ ਗਿਆ।

4। ਇਹ ਹੁਣ ਮੰਨੀ ਹੋਈ ਸੱਚਾਈ ਹੈ ਕਿ ਗਰਭ ਅਵਸਥਾ ਸਮੇਂ ਮਾਂ ਦੀ ਅਵਸਥਾ ਦਾ ਬੱਚੇ ਤੇ ਬਹੁਤ ਪ੍ਰਭਾਵ ਪੈਂਦਾ ਹੈ। ਕਈ ਤਾਂ ਇਹ ਵੀ ਆਖਦੇ ਹਨ ਜੇ ਮਾਂ ਉਸ ਵੇਲੇ ਕੁਝ ਸੁਣਦੀ ਬੋਲਦੀ ਹੈ ਤਾਂ ਉਹੀ ਗਰਭ ਵਾਲਾ ਬੱਚਾ ਵੀ ਉਸ ਨੂੰ ਗ੍ਰਹਿਣ ਕਰਦਾ ਹੈ। ਅਭਮੰਨਿਊ ਨੇ ਚੱਕਰਵਿਊ ਦੀ ਵਿੱਦਿਆ ਮਾਂ ਦੇ ਗਰਭ ਸਮੇਂ ਹੀ ਗ੍ਰਹਿਣ ਕੀਤੀ ਸੀ।

5. ਧਰੂ ਭਗਤ ਨੂੰ ਮਾਂ ਨੇ ਹੀ ਭਗਤੀ ਵੱਲ ਲਾਇਆ ਸੀ-ਭਾਈ ਗੁਰਦਾਸ ਜੀ ਅਨੁਸਾਰ ਜਦੋਂ ਧਰੂ ਨੇ ਮਾਂ ਨੂੰ ਪੁੱਛਿਆ ਕਿ ਮੈਨੂੰ ਰਾਜ ਕਿਵੇਂ ਪ੍ਰਾਪਤ ਹੋਇਆ ਤਾਂ ਮਾਂ ਨੇ ਕਿਹਾ ਸੀ ਪ੍ਰਭੂ ਭਗਤੀ ਕਰੋ-

ਕਿਸ ਉੱਦਮ ਤੇ ਰਾਜ ਮਿਲੇ ਸ਼ਤਰੂ ਤੇ ਹੋਵਨ ਸਭ ਮੀਤਾ।
ਪ੍ਰਮੇਸ਼ਰ ਅਰਾਧੀਏ ਜਿਦੁ ਹੋਈਏ ਪਤਿਤ ਪੁਨੀਤਾ

6. ਕਈ ਕਲਾਕਾਰਾ ਦੇ ਬੱਚੇ ਨਿਪੁੰਨ ਕਲਾਕਾਰ ਬਣਦੇ ਹਨ ਕਿਉਂਕਿ ਉਹਨਾਂ ਨੂੰ ਗਰਭ ਸਮ੍ਹੇ ਤੋਂ ਹੀ ਉਸ ਕਲਾ ਦਾ ਗਿਆਨ ਮਿਲਣ ਲੱਗ ਪੈਂਦਾ ਹੈ:

ਪੁਰਾਤਨ ਸਮੇਂ ਵਿਚ ਬਹੁਤੀਆਂ ਸਿੱਖ ਮਾਵਾਂ ਕੰਮ ਕਾਰ ਕਰਦੀਆਂ ਗੁਰਬਾਣੀ ਦਾ ਪਾਠ ਕਰਦੀਆਂ ਸਨ ਜਿਸ ਦਾ ਬੱਚਿਆਂ ਤੇ ਚੰਗਾ ਪ੍ਰਭਾਵ ਪੈਂਦਾ ਸੀ। ਇਹ ਅਵਸਥਾ ਹੁਣ ਵੀ ਪ੍ਰਾਪਤ ਹੋ ਸਕਦੀ ਹੈ। ਗਰਭ ਅਵਸਥਾ ਸਮੇਂ ਟੀ. ਵੀ. ਉੱਤੇ ਫਜ਼ੂਲ ਸੀਰੀਅਲ ਦੇਖਣ ਦੀ ਬਜਾਇ ਗੁਰਬਾਣੀ ਦੇ ਪ੍ਰੋਗਰਾਮ ਵੇਖੇ ਜਾਣ। ਅੱਜ ਦੇ ਸਮੇਂ ਮਾਂ ਦੀ ਬੜੀ ਵੱਡੀ ਜ਼ਿੰਮੇਵਾਰੀ ਹੈ। ਗੁਰਬਾਣੀ ਅਨੁਸਾਰ ਜਿੱਥੇ ਮਾਂ ਨੂੰ ਸਿੱਖਿਆ ਦੇਣ ਲਈ ਉਪਰੋਕਤ ਕਰੜੇ ਸ਼ਬਦ ਪ੍ਰਯੋਗ ਹੋਏ ਹਨ ਉਥੇ ਮਾਂ ਨੂੰ ਪਰਮਾਤਮਾ ਦੇ ਬਰਾਬਰ ਦਰਜਾ ਦਿੰਦਿਆਂ ਮਾਂ ਦਾ ਸਤਿਕਾਰ ਵੀ ਕੀਤਾ ਹੈ। ਕੁਝ ਤੁਕਾਂ ਹਾਜ਼ਰ ਹਨ:

1. ਗੁਰਦੇਵ ਮਾਤਾ, ਗੁਰਦੇਵ ਪਿਤਾ
2. ਅਪਣੇ ਜੀਅ ਜੰਤ ਪ੍ਰਿਤਪਾਰੇ।
   ਜਿਉਂ ਬਾਰਿਕ ਮਾਤਾ ਸੰਭਾਰੇ
3. ਸੁਤ ਅਪਰਾਧ ਕਰਤ ਹੈ ਜੇਤੇ।
   ਜਨਨੀ ਚੀਤ ਨਾ ਰਾਖਸ ਤੇਤੇ।
   ਰਾਮਈਆ ਹਉ ਬਾਰਿਕ ਤੇਰਾ।
   ਕਾਹੇ ਨਾ ਖੰਡਸ ਅਉਗੁਣ ਮੇਰਾ।
   ਜੇ ਅਤਿ ਕਰੋਪ ਕਰੇ ਕਰ ਧਾਇਆ।
   ਤਾਂ ਭੀ ਚੀਤ ਨਾ ਰਾਖਸ ਮਾਇਆ।

ਮਾਂਵਾਂ ਨੂੰ ਹਰ ਸਮੇਂ ਆਪਣੀ ਸੰਤਾਨ ਨੂੰ ਇਹੋ ਅਸੀਸ ਦੇਣੀ ਚਾਹੀਦੀ ਹੈ :

ਪੂਤਾ ਮਾਤਾ ਕੀ ਆਸੀਸ।
ਨਿਮਖ ਨਾ ਬਿਸਰੋ ਤੁਮ ਕੋ ਹਰਿ ਹਰਿ, ਸਦਾ ਭਜੋ ਜਗਦੀਸ।

ਮੋਬਾਇਲ : 09757408740


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# Music in Sikhs

***Charles M Townsend***

You could argue that for all religious traditions which have scriptures, their scriptures are a source of pride and point for affirming uniqueness from other traditions. Sikhs are proud of their scriptures like adherents of other religious traditions, but their ennoblement of the Adi Granth as the Guru Granth Sahib, the Living Guru, along with the performative aspects of their relationship with the Guru Granth Sahib, add additional dimensions to this pride. In my interviews with a cross-section of Sikhs, it has been common to hear both the young and old gush with enthusiasm about the beauty of Gurbani kirtan and its positive powers over one's consciousness

**Sikhs love their music**

Kirtan is some of the most beautiful music you'll ever hear in your life, because it puts you in that blissful state of mind. For Punjabis, there's a big symbol with your soul, your heart, your hick, your inside, and the only language, the only communication with your soul is music...the music puts you in a beautiful state of mind. The words themselves are saying their love for God, and if you know those words, you have to say it like you mean it. In addition to praising the beauty of kirtan, many of those I talked with, affirmed what they saw as the uniqueness of the Sikh tradition's relationship with music: "Music is a big part of Sikhism, the Sikh tradition. It's beautiful music too. Music is everywhere, there isn't a culture that doesn't have music, but Sikhs love their music. We love our music; we made it an art form...."

**Collective commemoration**

The performance of kirtan itself can be viewed as a form of continuous self-commemoration for Sikh communities: it is the continuing collective

commemoration of the connection and relationship between Guru Granth and Guru Panth, the scripture as Living Guru, and the community blessed as the performers and interpreters of Gurbani. In addition to the 'usual' cycle of performing Gurbani kirtan, gurudwara communities organise special events which centre on the musical and oral or aural performance of Gurbani.

These events serve as a form of self-commemoration for these communities (the Sikh diaspora in America); a time of celebrating the unique features of Sikh identity, perhaps especially as they set Sikhs and Sikh social times apart from their American surroundings. As already mentioned, gurudwara communities sponsor special events, bringing ragis and granthis from Punjab to perform kirtan....

Several of those who answered my questions spoke of the necessity for young Sikhs to continue to learn Punjabi/Gurmukhi, and to be able to play kirtan and recite Gurbani. Many spoke of the continued ability among young Sikhs to perform Gurbani kirtan as being integral for maintaining Sikh identity: "Hearing kirtan, you're glad to hear it, you're glad someone's singing it, because it's keeping the faith alive.... If I hear a man singing kirtan I'm like, 'Yeah man, keep the faith alive', simple as that. Because through music, through song is how Sikhs, everyone of them have kept their histories alive.... "I think for the community as a whole, kirtan is totally necessary to be able to recognise the Sikh faith as a collective group. I think that it's really important for Sikhism to continue - for it to really live as long as it should. I think we really need kirtan. We need people to go to groupware regularly

"It's very important to listen to kirtan, and to encourage others to listen to it. It's extremely important for the younger generation of Sikhs to learn the roots of our Sikh identity and to be able to maintain it and eventually pass it on."

With my interviewees affirming the centrality of Gurbani kirtan in their religious practice, it is perhaps unsurprising that many also see the continuance of this religio-cultural performance as vital to the continued transmission of Sikhism to new generations. If such central practices of a religion and markers of distinctions from the 'host culture' are forgotten, the religio-cultural group 'in diaspora' could be 'homogenised' or 'assimilation' and cease to be 'in diaspora'.


The desire to resist such 'assimilation' and loss of religio-cultural continuity and uniqueness was voiced by some of my Sikh interlocutors, who framed it as their 'duty' to make sure that performance of Gurbani kirtan continued on to subsequent generations. Others spoke of their 'duty' to listen:

**Keeping the faith alive**

"When a man sings kirtan, it goes back in my head, it goes in my friends' heads, it's keeping the faith alive and out of respect you sit there and you hear them out, it's almost your duty as a Sikh... you stop and listen...."

Among the Sikhs I have spoken to, kirtan is seen as an important locus for identity transmission. This stands to reason if one accepts the centrality of Gurbani kirtan and the musical and oral/aural dimension which is apparent within these communities. Without members of the community continuing the performance of Gurbani kirtan, the practices and ethos of the community could change greatly.

*Collected from : The Times of India*

# Causes of Disharmony

**Sumeet Kaur Nagpal**

It's Natural that we are all attracted to good qualities in a mortal and we are elated when someone is full of praises for us. But today we seldom praise or show our love and gratitude for people around us. The main cause here could be jealousy, rivalry, greed for hoarding materialistic things and all these factors stop us from expressing love, care, praise and respect.

This problem is not only faced by a certain family, people of certain caste, specific religion, but is faced by everyone all over the world. This can not be ignored and blaming each other will not help us to solve this problem. Due to disharmony in relationships, man is falling prey to life-style disorders early in life.

To solve any problem, we need to get to the root and the same is to be done here.

1) CAUSE No.1:-- We always have the habit of judging people and we form a certain image about a person. Our judgement is based on our views, our past experiences, memories, educational background etc. Also it depends on our mind set, how we think, without taking in consideration, his point of view, his past experiences, educational background. So should we stop judging others? hence Gurbani tells us

Gur Ki Mat Tu Leh Iane II
Bhagat bina bahu Dube Siyane II (SGGS Page 288)

Because of our limited knowledge, our mind does not have right to judge others as we have discussed that we are still learning and till death, we continue to do so. So our incomplete, and ignorant mind with its incomplete knowledge starts making judgements towards other people.

Because we are always judging the opposite person, we always find faults in him and since we are discontented, insecure, full of fear of the future our mind is interested in commenting about actions of other. Some people seek solace in astrologers, vastu etc. for happiness.

Finding Faults of other people creates blocks in the human mind and he is not able to think clearly. In this process, he totally forgets to INTROSPECT HIS THOUGHTS, his actions, motive behind his thoughts and actions and often

takes wrong decisions in life. Gurbani Clearly States :-

Dadda dosh na deu kise, dosh karma apnaiya II
Jo meh kiya, so meh paya, dosh na deeja avar jana II (SGGS Page 433)

Why should blame others ? I have reaped rewards for my own actions. We have forgotten that we do not try to imbibe the qualities of God and we are very happy and contented with our limited knowledge & due to this our thinking is very narrow, so our judgement depends on our limited knowledge & we always find faults in the other person.

Gurbani clearly explains that :-

" Man Tu Jot Sarup hai,
Aapna Mool Pachan II" (SGGS Page 441)

So to sort our disharmony between beings, we should STOP THIS ONGOING CONTINOUS PROCESS OF JUDGEMENT ABOUT OTHERS, without taking in consideration, the other person point view and its clearly stated by Gurbani that :-

"Bura bhala kau kis no kahiye
Sagle Jee Tumhare II" (SGGS Page 383) And
"Ek noor Teo Sabh Jag Upjeya
Kaun bhale ko Mande II (SGGS Page 1149)

HENCE IT BECOMES OUR RESPONSIBILITY TO

1. INTROSPECT OURSELF
2. FIND OUT OUR NEGATIVE QUALITIES
3. WORK ON THEM
4. AND SPIRITUALLY UPLIFT OURSELVES

Once we do so, we will automatically find out the truth and we will see his reflection in all beings. All this can be done successfully with the help of Gurbani and in turn charge our lives for the better.

**RH# 4, Konark Pooram, Kondhwa, Pune-48, Mob.: 9822033098**

## POSITIVE THINKING

* Hope is one of God's greatest Gifts to all of us because it is the magic that inspires us to keep trying, learning, loving and living.
* No matter how many times the teeth bite the toungue. They still stay together in one mouth. That is the spirit of forgiveness.
* Any relationship is like a musical instrument. First one must learn to play by rules; then you must forget the rules and play by heart.

***With best Compliments from a Well Wisher***

# ਪ੍ਰੈਸ ਨੋਟ

ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਵਲੋਂ ਸੁਰੂਕੀਤੇ ਗਏ ਹਰ ਮਹੀਨੇ ਦੇ ਤੀਸਰੇ ਵੀਰਵਾਰ ਸੁਨਾਦ ਨਾਮਕ ਸੰਗੀਤਮਈ ਸ਼ਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਜਸਪਾਲ ਸਿੰਘ ਨੇ ਸ਼ਿਰਕਤ ਕੀਤੀ। ਇਸ ਮੌਕੇ ਸਾਰੰਗੀ ਦੇ ਪ੍ਰਸਿੱਧ ਉਸਤਾਦ ਸ: ਸੁਰਜੀਤ ਸਿੰਘ ਨੇ ਆਪਣਾ ਸਾਰੰਗੀ ਵਾਦਨ ਅਤੇ ਨੌਜਵਾਨ ਗਾਇਕ ਜਸਪ੍ਰੀਤ ਸਿੰਘ ਨੇ ਗਾਇਨ ਪੇਸ਼ ਕੀਤਾ।ਉਸਤਾਦ ਸੁਰਜੀਤ ਸਿੰਘ ਨੇ ਆਪਣੇ ਵਾਦਨ ਵਿਚ ਰਾਗ ਵਡਹੰਸ ਤੇ ਧਨਾਸਰੀ ਵਿਚ ਸਾਰੰਗੀ ਵਾਦਨ ਪੇਸ਼ ਕੀਤਾ। ਇਸ ਮੌਕੇ ਬੋਲਦਿਆਂ ਵਾਈਸ ਚਾਂਸਲਰ ਡਾ.ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਹਮੇਸ਼ਾ ਸੰਗੀਤ ਦੀਆਂ ਵੱਖ ਵੱਖ ਵਿਧਾਵਾਂ ਨੂੰ ਪ੍ਰਚਲਿਤ ਕਰਨ ਲਈ ਵਚਨਬੱਧ ਹੈ। ਉਨਾਂ ਕਿਹਾ ਕਿ ਹਰ ਮਹੀਨੇ ਸੁਨਾਦ ਰਾਹੀਂ ਪ੍ਰਸਿੱਧ ਗਾਇਕਾਂ ਅਤੇ ਵਾਦਕਾਂ ਨੂੰ ਯੂਨੀਵਰਸਿਟੀ ਵਿਖੇ ਇਕ ਮੰਚ ਮੁਹਈਆ ਕਰਵਾਇਆ ਜਾ ਰਿਹਾ ਹੈ ਜਿਸ ਦਾ ਸੰਗੀਤ ਦੇ ਵਿਦਿਆਰਥੀ ਭਰਪੂਰ ਲਾਹਾ ਲੈ ਰਹੇ ਹਨ।ਇਸ ਮੌਕੇ ਬੋਲਦਿਆਂ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ.ਗੁਰਨਾਮ ਸਿੰਘ ਨੇ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਚ ਸੰਗੀਤ ਦੇ ਵਿਦਿਆਰਥੀਆਂ ਨੂੰ ਪੜਾਈ ਦੇ ਨਾਲ ਨਾਲ ਮੰਚ ਮੁਹੱਈਆ ਕਰਵਾਉਣ ਅਤੇ ਚੰਗੇ ਉਸਤਾਦ ਕਲਾਕਾਰਾਂ ਨੂੰ ਨੇੜਿਉਂ ਸੁਣਨ ਅਤੇ ਸਟੇਜ ਦੇ ਤਜੁਰਬੇ ਲਈ ਹੀ ਅਜਿਹੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ ਤਾਂ ਜੋ ਵਿਦਿਆਰਥੀ ਸੰਗੀਤ ਕਲਾ ਵਿਚ ਪੂਰੀ ਤਰਾਂ ਨਿਪੁੰਨ ਹੋ ਸਕਣ। ਇਸ ਮੌਕੇ ਡਾ.ਡੇਜ਼ੀ ਵਾਲੀਆ, ਡਾ.ਕੰਵਲਜੀਤ ਸਿੰਘ, ਸ੍ਰੀ ਅਲੀ ਅਕਬਰ, ਅਮਨਦੀਪ ਸਿੰਘ, ਜਤਿੰਦਰ ਸਿੰਘ ਰਿਸਰਚ ਸਕਾਲਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਅਤੇ ਵਿਦਿਆਰਥੀ ਹਾਜਰ ਸਨ।

(ਡਾ. ਗੁਰਨਾਮ ਸਿੰਘ)
ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸੁਰ ਲਿਪੀ- ਰਾਗ ਮਿਸ਼ਰਤ ਕਲਾਵਤੀ

ਜਬਰਜੰਗ ਸਿੰਘ

ਰਾਗ – ਕਲਾਵਤੀ, ਥਾਟ – ਖਮਾਜ, ਵਾਦੀ ਸੁਰ – ਪ, ਸੰਵਾਦੀ ਸੁਰ – ਸ,

ਵਰਜਿਤ ਸੁਰ – ਰਿਸ਼ਭ ਅਤੇ ਮਧਿਅਮ, ਸੁਰ – ਨੀ ਕੋਮਲ ਬਾਕੀ ਸੁਧ

ਗਾਇਨ ਸਮਾਂ – ਅੱਧੀ ਰਾਤ

ਆਰੋਹ – ਸ ਗ ਪ ਧ ਨੀ ਧ, ਪ ਧ ਸਂ

ਅਵਰੋਹ – ਸ ਨੀ ਧ ਪ, ਗ ਪ ਧ ਪ, ਗ ਸ

ਵਿਸ਼ੇਸ਼ ਸੁਰ ਸੰਗਤੀ – ਸ ਗ ਪ ਧ ਨੀ **S**, ਧ ਨੀ ਪ ਧ ਗ ਪ, ਗ ਪ ਧ ਪ ਗ ਸ

ਗਜ਼ਲ (ਭਾਈ ਨੰਦ ਲਾਲ ਜੀ) –

ਦੀਨ ਦੁਨੀਆ ਦਰ ਕਮੰਦੇ ਆਂ ਪਰੀ ਰੁਖ਼ਸਾਰਿ ਮਾ।
ਹਰ ਦੋ ਆਲਮ ਕੀਮਤੇ ਯਕ ਤਾਰਿ ਮੂਏ ਯਾਰਿ ਮਾ।
ਮਾ ਨਮੇ ਆਰੇਮ ਤਾਬੇ ਗਮਜ਼ਏ ਮਿਯਗਾਨਿ ਊ।
ਯਕ ਨਿਗਾਹੇ ਜਾਂ ਫ਼ਿਜ਼ਇਸ਼ ਬਸ ਬਵਦ ਦਰਕਾਰਿ ਮਾ।
ਗਾਹਿ ਸੂਫ਼ੀ ਗਾਹਿ ਜ਼ਾਹਿਦ, ਗਾਹਿ ਕਲੰਦਰ ਮੇ ਸ਼ਵਦ॥
ਰੰਗਹਾਏ ਮੁਖਤਲਿਫ਼ ਦਾਰਦ ਬੁਤੇ ਅੱਯਾਰਿ ਮਾ॥
ਕਦਰ ਲਾਲੇ ਊਬਜੁਜ਼ ਆਸ਼ਿਕ ਨਦਾਨਦ ਹੇਚ ਕਸ॥
ਕੀਮਤੇ ਯਾਕੂਤ ਦਾਨਦ ਚਸ਼ਮਿ ਗੌਹਰ ਬਾਰਿ ਮਾ॥
ਹਰ ਨਫ਼ਸ ਗੋਯਾ ਬਯਾਦੇ ਨਰਗਸੇ ਮਖਮੂਰਿ ਊ॥
ਬਾਦਾ ਹਾਏ ਸ਼ੌਕ ਮੇ ਨੌਸ਼ਦ ਦਿਲੇ ਹੁਸ਼ਿਆਰਿ ਮਾ।

(ਦੀਵਾਨ ਗੋਯਾ ਭਾਈ ਨੰਦ ਲਾਲ ਜੀ)

ਸੁਰਲਿਪੀਕਾਰ

ਗ਼ਜ਼ਲ (ਭਾਈ ਨੰਦ ਲਾਲ ਜੀ) — ਰੂਪਕ ਤਾਲ

| 1 | 2 | 3 | 4 | 5 | 6 | 7 |
|---|---|---|---|---|---|---|
| ਸਥਾਈ | | | | | | |
| ਗ | – | ਮ | ਰੇ | ਰੇ | ਨ਼ੀ | – |
| ਦੀ | S | ਨ | ਦੁ | ਨੀ | ਆਂ | S |
| ਸ | ਸ | –ਸ | ਸ | – | ਪ਼ਨ਼ੀ | ਸਰੇ |
| ਦ | ਰ | Sਕ | ਮੰ | S | ਦੇS | SS |
| ਗ | – | ਮ | ਰੇ | ਰੇ | ਨ਼ੀ | – |
| ਦੀ | S | ਨ | ਦੁ | ਨੀ | ਆਂ | S |
| ਸ | ਸ | –ਸ | ਸ | – | ਸ | – |
| ਦ | ਰ | Sਕ | ਮੰ | S | ਦੇ | S |
| ਗ | – | ਗ | ਪ | – | ਧ | ਧ |
| ਆਂ | S | ਪ | ਰੀ | S | ਰੁ | ਸ਼ |
| ਨ਼ੀ | ਨ਼ੀ | ਸਂ | ਧ | – | ਪ | – |
| ਸਾ | S | ਰਿ | ਮਾ | S | S | S |

| | | | | | | |
|---|---|---|---|---|---|---|
| ਅੰਤਰਾ | | | | | | |
| ਸਂਨ਼ੀ | ਸਂਨ਼ੀ | ਧਪ | ਧ | – | ਧ | – |
| ਹS | ਰS | Sਦੋ | ਆ | S | ਲਮ | S |
| ਗਪ | ਧਨ਼ੀ | ਧਨ਼ੀ | ਪ | ਧ | ਪ | ਪਪ |
| ਕੀS | SS | Sਮ | ਤੇ | S | S | ਯਕ |
| ਧਪ | ਧਪ | –ਗ | ਰੇ | – | ਨ਼ੀ | – |
| ਤਾ5 | 55 | 5ਰਿ | ਮੂ | S | ਏ | S |
| ਸ | – | –ਸ | ਗ | – | – | ਗਪ |
| ਯਾ | S | Sਰਿ | ਮਾ | S | S | ਯਕ |
| ਮ | – | –ਗ | ਰੇ | – | ਨ਼ੀ | – |
| ਤਾ | S | Sਰਿ | ਮੂ | S | ਏ | S |
| ਸ | – | –ਸ | ਸ | – | ਸ | – |
| ਯਾ | S | Sਰਿ | ਮਾ | S | S | S |
| 0 | | | 1 | | 2 | |

ਮੋਦੀ ਕਾਲਿਜ, ਪਟਿਆਲਾ

# A Tribute-Principal Dyal Singh



Gyani Dyal Singh was one of the leading figures in the world of Gurmat Sangeet. He had served as the Principal of the Gurmat Vidyalay at Rakab Ganj in Delhi since 1967. Gyani Dyal Singh was born in the village of Badla Singha in the district of Meerut. In 1946 he came to the Rakab Ganj Gurmat Vidyalay to study Kirtan, Tabla, Sarinda and Dilruba under the tutelage of Gyani Hardit Singh Ji. Gyani Ji spent five years at the Vidyalay as a student. In 1952 he joined the jatha of Bhai Samund Singh, one of the most accomplished Ragis of the century, as his accompanist on the Dilruba. On the recommendation of Bhai Santa Singh Kanwal, he entered the service of Bhai Gian Singh Ji, Abbotabad, who was working on his seminal work, Gurbani Sangeet. Gyani Dyal Singh Ji was given the task of annotating ancient shabad reets (compositions) so that they could be documented in Gian Singh Ji's work. From 1959 to 1964 he served at Sri Harmandir Sahib, playing the Dilruba during Asa Di Var recitals as well as in the Sodar Chauki in the evening. In 1965 he worked again with Gian Singh Ji to provide additional input on Raga Theory, Alaaps etc. for Gian Singh Ji's work - Gurbani Sangeet. In 1967, when Gyani Hardit Singh Ji passed away, the task of running the Gurmat Vidyalay passed to Gyani Dyal Singh Ji with the unanimous support of the leading Ragis and scholars who had gathered to bid farewell to Gyani Hardit Singh Ji. Gyani Dyal Singh has served the Vidyalay and the Sikh Panth with exemplary dedication, often at a great cost to his health and well being. The Vidyalay has produced and continues to produce dedicated and talented Ragis who have kept the traditions of Gurmat Sangeet alive.

Postal Regd. No. G/CDH/0045/2012-14 RNI Regd. No. 46788/89 ISSN 0972-2335

ੴ

# ਗੁਰਮੁਖ ਜਨਮ ਸਵਾਰ

**ਗੁਰਬਾਣੀ ਕੀਰਤਨ**

**ਡਾ. ਜਾਗੀਰ ਸਿੰਘ, ਚੰਡੀਗੜ੍ਹ**

Koun mooaa rae koun mooaa
Taj geae ghar baar
Dehu sajan aseesarian

Sukhi Vase Moro Parivara
Poota maata ki aasees
Gurumukh janam savaar

-ਕਉਨੁ ਮੂਆ ਰੇ ਕਉਨੁ ਮੂਆ -ਤਜਿ ਗਏ ਘਰ ਬਾਰ
-ਦੇਹੁ ਸਜਣ ਅਸੀਸੜੀਆ -ਸੁਖੀ ਵਸੈ ਮੋਰੋ ਪਰਿਵਾਰਾ
-ਪੂਤਾ ਮਾਤਾ ਕੀ ਆਸੀਸ -ਗੁਰਮੁਖਿ ਜਨਮ ਸਵਾਰ

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਹ ਸੀ. ਡੀ. ਮੁਫਤ ਪ੍ਰਾਪਤ ਕਰਨ ਲਈ ਆਪਣਾ ਐਡਰੈੱਸ,
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**